# ਰੇਡੀਓ ਲਵੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 43 "ਆਉਣ ਵਾਲੀਆਂ ਮੁਸੀਬਤਾਂ ਅਤੇ ਅਧੂਰੀਆਂ ਤਿਆਰੀਆਂ"

## Lurking Catastrophe: Are We Ready?

ਮੁੱਖ ਖੋਜ ਅਤੇ ਲੇਖਣ: ਡਾ. ਅਰਵਿੰਦ ਦੂਬੇ

ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

In this episode the questions about the level and mode of our preparedness to face the draconian challenge of the Global warming and the climate change , to combat the consequences and impact of the changes. The preparations and the activities to be done to combat these harmful effects. Regarding as to what are the preparations are we need to be ready with. The degree and quality of in order to combate these adversaries effectively. What has been done till now, is it enough? We will discuss all these issues today in the form of a dialogue and a drama. It has been discussed that in August 2016 in Yamal peninsula of Siberia, some bizarre happenings were observed. Whatever came out was unbelievable. The listener has been moved to see the hospital in the Yamal Peninsula and see what happened on that day in August 2016 Junior doctor Dimitri , had a horrible night and is totally exhausted due to heavy emergency load and is explaining to the Senior professor Stemler about the serious consequences to the human health….death toll…. starts in the form of the re-emergence and outbreak of anthrax which had been wiped out more than half a century ago followed by a dramatic dialogue in a duet about this disaster

ਇਸ ਕੜੀ ਵਿੱਚ ਗਲੋਬਲ ਵਾਰਮਿੰਗ ਅਤੇ ਉਸ ਨਾਲ ਜੁੜੇ ਵਾਤਾਵਰਨ ਪਰਿਵਰਤਨ ਤੋਂ ਹੋਣ ਵਾਲੇ ਨਤੀਜਿਆਂ ਅਤੇ ਮਾੜੇ ਪ੍ਰਭਾਵਾਂ ਨੂੰ ਦਾ ਸਾਹਮਣਾ ਕਰਨ ਵਾਸਤੇ ਸਾਡੀਆਂ ਤਿਆਰੀਆਂ ਦੇ ਪੱਧਰ ਅਤੇ ਤੌਰ ਤਰੀਕੇ 'ਤੇ ਚਰਚਾ ਹੈ । ਉਨ੍ਹਾਂ ਤਿਆਰੀਆਂ ਅਤੇ ਗਤੀਵਿਧੀਆਂ ਦੀ ਜੋ ਇਨ੍ਹਾਂ ਨੁਕਸਾਨਦਾਇਕ ਪ੍ਰਭਾਵਾਂ ਦਾ ਮੁਕਾਬਲਾ ਕਰਨ ਲਈ ਲੋੜੀਂਦੀਆਂ ਹਨ ! ਸਾਨੂੰ ਕਿਹੋ ਜਿਹੀਆਂ ਤਿਆਰੀਆਂ ਕਰਨ ਦੀ ਲੋੜ ਹੈ, ਇਨ੍ਹਾਂ ਮੁਸੀਬਤਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਟਾਕਰਾ ਕਰਨ ਵਾਸਤੇ ਤਿਆਰੀਆਂ ਦੇ ਪੱਧਰ ਅਤੇ ਗੁਣਵਤਾ ਚਰਚਾ ਦਾ ਵਿਸ਼ਾ ਹਨ ! ਕੀ ਹੁਣ ਤੱਕ ਦੀਆਂ ਇਹ ਤਿਆਰੀਆਂ ਕਾਫੀ

ਹਨ ?ਇਨ੍ਹਾਂ ਮੁੱਦਿਆਂ ਨੂੰ ਇੱਕ ਵਾਰਤਾਲਾਪ ਦੇ ਰੂਪ ਵਿੱਚ ਪੇਸ਼ ਕਰਦੇ ਹੋਏ ਇੱਕ ਦ੍ਰਿਸ਼ ਹੈ ਅਗਸਤ 2016 ਦਾ ਸਾਇਬੇਰੀਆ ਦੇ ਯਮਲ ਖੂੰਟ ਵਿੱਚ ਸਥਿਤ ਹਸਪਤਾਲ ਦਾ ਜਿਥੇ ਜੂਨੀਅਰ ਡਾਕਟਰ ਦਮਤਿਰੀ ਥੱਕਿਆ ਟੁੱਟਿਆ ਪਿਆ ਹੈ ਉਸ ਭਿਆਨਕ ਰਾਤ ਦੇ ਧੜਾ ਧੜ ਵਧਦੇ ਐਮਰਜੈਂਸੀ ਦੇ ਬੋਝ ਨਾਲ, ਸੀਨੀਅਰ ਪ੍ਰੋਫੈਸਰ ਸਟੇਮਲਰ ਨੂੰ ਘਟਨਾਵਾਂ ਦਾ ਵਿਵਰਣ ਦੇ ਰਿਹਾ ਹੈ ਹੋਈਆਂ ਕੁਝ ਮੌਤਾਂ ਦਾ... ਸਿੱਟਾ ਨਿਕਲਦਾ ਹੈ ਕਿ ਉਹੀ ਐਂਥਰੈਕਸ ਮੁੜ ਫੈਲ ਗਿਆ ਜਿਹੜਾ ਅਧੀ ਸਦੀ ਤੋਂ ਵੱਧ ਸਮਾ ਪਹਿਲਾਂ ਉਥੋਂ ਖਤਮ ਕਰ ਦਿੱਤਾ ਗਿਆ ਸੀ !ਫਿਰ ਸੁਰੂ ਹੁੰਦਾ ਹੈ ਡਰਾਮਾਮਈ ਵਾਰਤਾਲਾਪ ਨਟ ਤੇ ਨਟੀ ਦਾ ਇਸ ਆਫਤ ਬਾਬਤ

ਪਾਤਰ

ਔਰਤ ਸੂਤਰਧਾਰ

ਮਰਦ ਸੂਤਰਧਾਰ

ਦਮਿਤਰੀ: ਇੱਕ ਜੂਨੀਅਰ ਡਾਕਟਰ

ਸਟੇਮਲਰ: ਮੈਡੀਕਲ ਇੰਨਸਟੀਟਿਯੂਟ ਦਾ ਪ੍ਰੋਫੈਸਰ

ਗਵਰਨਰ:

ਵਿਵੇਕ:

ਮੇਧਾ:

ਠਾਕੁਰ:

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ......**

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਤਰਤਾਲੀਵੀਂ ਕੜੀ **"ਆਉਣ ਵਾਲੀਆਂ ਮੁਸੀਬਤਾਂ ਅਤੇ ਅਧੂਰੀਆਂ ਤਿਆਰੀਆਂ"।**

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ :** ਹਾਂ ਜੀ।ਪਿਆਰੇ ਸ੍ਰੋਤਿਓ! ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਤਰਤਾਲੀਵੀਂ ਕੜੀ ਵਿੱਚ।

**ਮਰਦ ਸੂਤਰਧਾਰ :** ਹਾਂ! ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਪਿਛਲੀ ਕੜੀ , **'ਅਲੋਪ ਹੋ ਰਹੇ**

ਗਲੇਸ਼ੀਅਰ’ ਵਿੱਚ ਸੁਣਾਈ ਸੀ ਅਸੀਂ ਕਹਾਣੀ ਕਿ ਕਿਵੇਂ ਜਲਵਾਯੂ ਬਦਲਾਅ ਕਰਦਾ ਹੈ ਪ੍ਰਭਾਵਤ ਸਾਡੇ ਗਲੇਸ਼ੀਅਰਾਂ ਨੂੰ ਤੇ ਕਿਵੇਂ ਜਾਂਦੇ ਨੇ ਉਹ ਪਿਘਲਦੇ !

ਔਰਤ ਸੂਤਰਧਾਰ : ਹਾਂ ਜੀ! ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਦੇ ਕਾਰਨ ਕਿਵੇਂ ਖਤਮ ਹੋ ਰਹੇ ਨੇ ਗਲੇਸ਼ੀਅਰ ਸਾਰੇ ਸੰਸਾਰ ਦੇ ਵਿੱਚ !

ਮਰਦ ਸੂਤਰਧਾਰ: ਇੱਕ ਪਰਿਵਾਰ ਤੇ ਇੱਕ ਵਿਗਿਆਨੀ, ਦੇ ਆਪਸੀ ਵਾਰਤਾਲਾਪ ਅਤੇ ਤਰਕ ਵਿਤਰਕ ਤੋਂ ਬਾਅਦ ਪਤਾ ਚੱਲਿਆ ਸੀ ਕਿ ਇਸ ਸਾਰੇ ਬਦਲਾਅ ਦਾ ਨਤੀਜਾ ਨਿੱਕਲ ਰਿਹਾ ਹੈ ਕਿ ਸਾਡੀਆਂ ਨਦੀਆਂ ਦਾ ਖਤਮ ਹੋ ਰਿਹਾ ਹੈ ਪਾਣੀ ਅਤੇ ਵੱਧ ਰਿਹਾ ਹੈ ਖਤਰਾ ਮਨੁੱਖਤਾ ਦੀ ਹੋਂਦ ਨੂੰ ਹੀ !

ਔਰਤ ਸੂਤਰਧਾਰ: ਗੱਲ ਹੋਈ ਸੀ ਕਿ ਕਿਵੇਂ ਇਨ੍ਹਾਂ ਗਲੇਸ਼ੀਅਰਾਂ ਦੀ ਚਿੱਟੀ ਚਾਦਰ ਤੋਂ ਵਾਪਸ ਮੁੜਦੀ ਤਪਸ਼ ਹੁਣ ਆ ਰਹੀ ਹੈ ਸਾਡੀ ਧਰਤੀ ‘ਤੇ ਹੀ ਅਤੇ ਕਰ ਰਹੀ ਹੈ ਇਸਨੂੰ ਗਰਮ ! ਸੁਣਾ ਦਿੱਤੀ ਸੀ ਕਹਾਣੀ ਇਸਦੇ ਪਿੱਛੇ ਕੰਮ ਕਰਦੀ ਵਿਗਿਆਨਿਕ ਨਿਯਮ ਦੀ ਵੀ !

ਮਰਦ ਸੂਤਰਧਾਰ : ਗੱਲ ਕੀਤੀ ਸੀ ਕਿ ਕਿਵੇਂ 2000 ਤੋਂ 2016 ਦੇ ਦਰਮਿਆਨ ਹੀ ਐਂਟਾਰਟਿਕਾ ਦੀ ਕਰੀਬ 125 ਗੀਗਾ ਟਨ ਯਾਨੀ 400 ਕਰੋੜ ਕੁਆਂਟਲ ਬਰਫ ਰਹੀ ਹੈ ਪਿਘਲ ਹਰ ਸਾਲ !

ਔਰਤ ਸੂਤਰਧਾਰ : ਸੁਣੇ ਸਨ ਅਸੀਂ ਉਹ ਨੁਕਤੇ ਵੀ ਕਿ ਕਿਵੇਂ ਜੇਕਰ ਐਟਾਰਟਿਕਾ ਦੀ ਸਾਰੀ ਬਰਫ ਜਾਂ ਦੀ ਹੈ ਪਿਘਲ ਤਾਂ ਸਮੁੰਦਰ ਦਾ ਜਲ ਸਤਰ ਹੋ ਜਾਵੇਗਾ 230 ਫੁੱਟ ਉਚਾ !

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਕਿਵੇਂ ਤੇ ਕਿਉਂ ਸਮੁੰਦਰੀ ਜਲ ਸਤਰ ਉਚਾ ਹੋਣ ਨਾਲ ਡੁੱਬ ਜਾਣਗੇ ਟਾਪੂ , ਹੋ ਜਾਵੇਗੀ ਜਲ ਮਗਨ ਤਟਵਰਤੀ ਆਬਾਦੀ ਤੇ ਖਤਮ ਹੋ ਜਾਣਗੇ ਰੁਜਗਾਰ !

ਔਰਤ ਸੂਤਰਧਾਰ : ਗੱਲ ਤਾਂ ਇਹ ਵੀ ਹੋਈ ਸੀ ਕਿ ਕਿਵੇਂ ਪਿਛਲੀ ਅੱਧੀ ਸਦੀ ਵਿੱਚ ਹੀ ਪਿਘਲ ਗਏ ਨੇ 200 ਗਲੇਸ਼ੀਅਰ !

ਮਰਦ ਸੂਤਰਧਾਰ : ਹੋਈ ਸੀ ਚਰਚਾ ਕਿ ਕਿਵੇਂ ਜਦ ਗਲੇਸ਼ੀਅਰ ਪਿਘਲਕੇ ਪਿੱਛੇ ਹਟਦੇ ਹਨ ਤਾਂ ਨੰਗੀ ਧਰਤੀ ਤੇ ਬਹੁਤ ਸਾਰੇ ਖੱਡੇ ਛੱਡ ਜਾਂਦੇ ਹਨ !

ਔਰਤ ਸੂਤਰਧਾਰ : ਸੁਣਾਈ ਸੀ ਕਹਾਣੀ ਤੇ ਕੀਤਾ ਸੀ ਸਪਸ਼ਟ ਇਹ ਵੀ ਕਿ ਇਨ੍ਹਾਂ ਖੱਡਿਆਂ ਵਿੱਚ ਪਾਣੀ ਭਰਨ ਨਾਲ ਬਣ ਜਾਂਦੀਆਂ ਨੇ ਵੱਡੀਆਂ ਵੱਡੀਆਂ ਝੀਲਾਂ !

ਮਰਦ ਸੂਤਰਧਾਰ : ਸੁਣ ਲਿਆ ਸੀ ਤੁਸੀਂ ਇਹ ਤੱਥ ਵੀ ਕਿ ਸਾਲ 2013 ਦਾ ਕੇਦਾਰਨਾਥ ਦਾ ਦੁਖਾਂਤ ਵੀ ਚੋਰਾਬਰੀ ਗਲੇਸ਼ੀਅਰ ਦੇ ਪਿਘਲਣ ਤੋਂ ਬਾਅਦ ਬਣੀ ਝੀਲ ਦੇ ਟੁੱਟਣ ਨਾਲ ਵਾਪਰਿਆ ਸੀ !

ਔਰਤ ਸੂਤਰਧਾਰ :ਸੁਣਾਈ ਸੀ ਕਹਾਣੀ ਕਿ ਸੰਸਾਰ ਵਿੱਚ ਸੱਭ ਤੋਂ ਵੱਡਾ ਗਲੇਸ਼ੀਅਰ ਫੈਡਚੈਂਕੋ 77 ਕਿਲੋਮੀਟਰ ਆਕਾਰ ਵਾਲਾ ਹੈ ਜਦ ਕਿ ਸਾਡੇ ਭਾਰਤ ਵਿੱਚ ਸਿਆਚਿਨ ਗਲੇਸ਼ੀਅਰ ਹੈ ਸੰਸਾਰ ਦਾ ਦੂਜਾ ਵੱਡਾ ਗਲੇਸ਼ੀਅਰ

ਮਰਦ ਸੂਤਰਧਾਰ : ਸੁਣ ਲਿਆ ਸੀ ਅਸੀਂ ਇਹ ਵੀ ਕਿ ਕਿਵੇਂ ਸਾਡੇ ਹਿਮਾਂਸ਼ ਖੋਜ ਕੇਂਦਰ ਜਾਂ ਐਵਲਾਂਚੀ ਅਧਿਅਨ ਅਸਟੈਬਲਿਸ਼ਮੈਂਟ ਵਰਗੇ ਖੋਜ ਸੰਸਥਾਨ ਕਰ ਰਹੇ ਨੇ ਅਧਿਅਨ ਇਨ੍ਹਾਂ ਗਲੇਸ਼ੀਅਰਾਂ ਦਾ !

**ਔਰਤ ਸੂਤਰਧਾਰ**: ਹੋਈ ਸੀ ਗੱਲ ਕਿ ਕਿਵੇਂ ਸਟੇਕ ਨਾਮ ਦਾ ਇੱਕ ਛਟੀ ਨੁਮਾ ਯੰਤਰ ਇਨ੍ਹਾਂ ਗਲੇਸ਼ੀਅਰਾਂ ਦੀ ਮੋਟਾਈ ਅਤੇ ਅੰਦਰਲਾ ਤਾਪਮਾਨ ਜਾਣਨ ਵਿੱਚ ਮਦਦ ਕਰਦਾ ਹੈ !

**ਮਰਦ ਸੂਤਰਧਾਰ** : ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ ਜਲਵਾਯੂ ਬਦਲਾਅ ਕਾਰਨ ਸਾਡੇ ਗਲੇਸ਼ੀਅਰਾਂ 'ਤੇ ਪੈਣ ਵਾਲੇ ਪ੍ਰਭਾਵਾਂ ਦੀ !

**ਔਰਤ ਸੂਤਰਧਾਰ** : ਲਓ ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਤਰਤਾਲੀਵੀਂ ਕੜੀ **"ਆਉਣ ਵਾਲੀਆਂ ਮੁਸੀਬਤਾਂ ਅਤੇ ਅਧੂਰੀਆਂ ਤਿਆਰੀਆਂ"**! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

**......ਲੜੀਵਾਰ ਦੀ ਧੁਨ......**

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਪਹਿਲਾ......**

**(ਦ੍ਰਿਸ਼ ਬਦਲਾਅ ਸੰਗੀਤ ............................ਮੱਧਮ ਪੈਂਦਾ ਹੈ)**

**(ਇਕ ਹਸਪਤਾਲ (ਲੋੜੀਂਦਾ ਧੁਨੀ ਪ੍ਰਭਾਵ ਦਿਓ) ਵਿੱਚ ਜੂਨੀਅਰ ਡਾਕਟਰ ਦਮਿਤਰੀ ਆਪਣੇ ਕਮਰੇ ਵਿਚ ਹੈ। ਮੁੱਖ ਡਾਕਟਰ ਪ੍ਰੋਫੈਸਰ ਸਟੇਮਲਰ ਪ੍ਰਵੇਸ਼ ਕਰਦੇ ਹਨ – ਲੋੜੀਂਦਾ ਧੁਨੀ ਪ੍ਰਭਾਵ ਦਿਓ)**

**ਸਟੇਮਲਰ:** (ਨੇੜੇ ਆਉਂਦੇ ਹੋਏ) ਹਾਂ ! ਡਾਕਟਰ ਦਮਿਤਰੀ ! ਕਾਫੀ ਥੱਕੇ ਹੋਏ ਲੱਗ ਰਹੇ ਹੋ, ਹਾਓ ਵਾਜ਼ ਦਾ ਨਾਈਟ?

**ਦਮਿਤਰੀ:** ਹਾਰੀਬਲ ਸਰ ! ਕਲ੍ਹ ਰਾਤ ਇੱਕੋ ਇਲਾਕੇ ਵਿੱਚੋਂ ਕਰੀਬ 40 ਮਰੀਜ਼ ਆਏ......ਸਾਰਿਆਂ ਨੂੰ ਕਰੀਬ ਇਕੋ ਜਿਹੀਆਂ ਅਲਾਮਤਾਂ ਹਨ... ਸਰੀਰ ਉਪਰ ਨਿਸ਼ਾਨ, ਦਸਤ ਅਤੇ ਦਸਤ ਵਿਚ ਖ਼ੂਨ... ਸਾਰੇ ਦੇ ਸਾਰੇ ਦਾਖਲ ਕਰਨੇ ਪਏ......!

**ਸਟੇਮਲਰ:** ਵ੍ਹਟ 40 ਮਰੀਜ਼ ਦਮਿਤਰੀ?

**ਦਮਿਤਰੀ:** ਯੈੱਸ ਸਰ ਅਤੇ ਸਾਰੇ ਦੇ ਸਾਰੇ ਇਕੋ ਹੀ ਇਲਾਕੇ ਤੋਂ... ਪਾਸ ਦੇ ਡੇਰੇ ਤੋਂ... ਘੁਮੰਤਰੀ ਚਰਵਾਹੇ ਹਨ... ਇਕ ਹੀ ਡੇਰੇ ਦੇ ਸਾਰੇ ਲੋਕ ਹਨ।

**ਸਟੇਮਲਰ:** ਬਿਮਾਰ ਹੋਣ ਤੋਂ ਪਹਿਲਾਂ ਖਾਣ ਪੀਣ ਦੀ ਪੂਰੀ ਵਿਸਤ੍ਰਿਤ ਹਿਸਟਰੀ ਲਈ ਦਮਿਤਰੀ ?

**ਦਮਿਤਰੀ:** ਜੀ ਉਹੀ ਸਾਧਾਰਨ ਖਾਣਾ ਅਤੇ ਰੇਂਡੀਅਰ ਦਾ ਮਾਸ।

**ਸਟੇਮਲਰ:** ਤਾਂ ਤੇ ਸਭ ਨੂੰ ਫੂਡ ਪੁਆਜ਼ਨਿੰਗ ਹੋਈ ਹੋਵੇਗੀ। ਕਿਤੇ ਇਕੱਠੇ ਖਾਧਾ ਹੋਵੇਗਾ ਇਨਫੈਕਟਡ ਮੀਟ...

**ਦਮਿਤਰੀ:** ਸਰ ਪਹਿਲਾਂ ਮੈਂ ਵੀ ਇਹੀ ਸੋਚਿਆ ਸੀ, ਪਰ...

**ਸਟੇਮਲਰ:** (ਹੈਰਾਨ ਹੁੰਦੇ ਹੋਏ) ਪਰ... ਪਰ ਕੀ?

**ਦਮਿਤਰੀ:** ਪਰ ਉਨ੍ਹਾਂ ਵਿਚੋਂ ਕਈਆਂ ਦੀ ਹਾਲਤ ਕਾਫੀ ਖ਼ਰਾਬ ਹੈ, ਦੇ ਆਰ ਰਿਯਅਲੀ ਸੀਰੀਅਸ ਸਰ ! ਇਕ 9 ਸਾਲ ਦਾ ਬੱਚਾ ਹੈ, ਉਸ ਦਾ ਤਾਂ ਸਾਹ ਵੀ ਠੀਕ ਨਹੀਂ, ਕਿਤੇ...

**ਸਟੇਮਲਰ:** ਅੱਛਾ...!

**ਦਮਿਤਰੀ:** ਇਸਦੀ ਦਾਦੀ ਦੀ ਤਾਂ ਇਕ ਦਿਨ ਪਹਿਲਾਂ ਹਸਪਤਾਲ ਆਉਣ ਤੋਂ ਪਹਿਲਾਂ ਹੀ ਮੌਤ ਵੀ ਹੋ ਚੁਕੀ ਹੈ।

**ਸਟੇਮਲਰ:** ਫਿਰ ਤਾਂ ਕੁਝ ਗੜਬੜ ਹੈ, ਫੂਡ ਪੁਆਇਜ਼ਨਿੰਗ ਵਿਚ ਤਾਂ ਅਜਿਹਾ ਨਹੀਂ ਹੋਣਾ ਚਾਹੀਦਾ। ਆਓ ਵਾਰਡ ਵਿਚ ਚੱਲੀਏ। ਪਹਿਲਾਂ ਪੇਸ਼ੈਂਟ ਵੇਖਦੇ ਹਾਂ ਫਿਰ ਫੈਸਲਾ ਕਰਾਂਗੇ।

**(ਪੈਰਾਂ ਦੇ ਚਲਣ ਦੀ ਆਵਾਜ਼, ਦ੍ਰਿਸ਼ ਦੀ ਐਂਬੀਅੰਸ ਬਦਲਦੀ ਹੈ)**

**ਦਮਿਤਰੀ:** ਸਰ, ਇਹ ਹੈ ਉਹ ਨਾਈਨ ਯੀਅਰ ਚਾਈਲਡ, ਇਸਦੀ ਦਾਦੀ ਦੀ ਕੱਲ੍ਹ ਇਸੇ ਤਰ੍ਹਾਂ ਦੀਆਂ ਅਲਾਮਤਾਂ ਨਾਲ ਮੌਤ ਹੋ ਚੁਕੀ ਹੈ।

**ਸਟੇਮਲਰ:** ਇਧਰ ਪਾਸਾ ਲਓ ਬੱਚੇ, ਹਾਂ-ਹਾਂ ਇੰਝ, ਠੀਕ...(ਪੌਜ਼)

(ਇਸੇ ਦੌਰਾਨ ਤੇਜ਼ ਸਾਹ ਲੈਣ ਦੀ ਅਵਾਜ਼ ਆਉਂਦੀ ਰਹੇਗੀ ਜੋ ਅੱਗੇ ਦੇ ਕੁਝ ਵਾਰਤਾਲਾਪ ਦੇ ਵਿਚ ਪਿਛੋਕੜ ਵਿਚ ਰਹੇਗੀ)

**ਸਟੇਮਲਰ:** ਹੀ ਇਜ਼ ਵੈਰੀ ਸਿੱਕ, ਵੇਖੋ ਸਾਹ ਦਾ ਕੀ ਹਾਲ ਹੈ? ਇਸ ਨੂੰ ਤਾਂ ਇੰਟੈਂਸਿਵ ਕੇਅਰ ਵਿਚ ਸ਼ਿਫਟ ਕਰੋ... ਇਸ ਨੂੰ ਵੈਂਟੀਲੇਟਰ 'ਤੇ ਰੱਖਣਾ ਹੋਵੇਗਾ... ਕਵਿੱਕ

(ਉਪਯੁਕਤ ਧੁਨੀ ਪ੍ਰਭਾਵ ਦਿਓ)

**ਸਟੇਮਲਰ:** ਦਮਿਤਰੀ

**ਦਮਿਤਰੀ:** ਯੈੱਸ ਸਰ.........!

**ਸਟੇਮਲਰ:** ਵ੍ਹਟ ਡੂ ਯੂ ਥਿੰਕ... ਇਹ ਕੀ ਹੈ, ਕਿਸ ਬਿਮਾਰੀ ਤੋਂ ਪੀੜਿਤ ਹਨ ਇਹ ਸਭ?

**ਦਮਿਤਰੀ:** ਸਰ, ਮੈਨੂੰ ਤਾਂ ਸਮਝ ਨਹੀਂ ਆ ਰਿਹਾ ! ਬਟ ਦਿਸ ਇਜ਼ ਨਾਟ ਫੂਡ ਪੁਆਜ਼ਨਿੰਗ !

**ਸਟੇਮਲਰ:** ਬਿਲਕੁਲ ਸਹੀ ਸੋਚ ਰਹੇ ਹੋ ਤੁਸੀਂ...... ਅਤੇ ਉਸ ਬੱਚੇ ਦੀ ਸਾਹ ਦੀ ਪਰੇਸ਼ਾਨੀ... ਸਕਿੱਨ ਉਪਰ ਇਹ ਨਿਸ਼ਾਨ... ਇਨ੍ਹਾਂ ਰੋਗੀਆਂ ਦੀ ਹਿਸਟਰੀ ਤੇ ਜਾਂਚ ਵਿੱਚ ਕੁਝ ਛੁੱਟ ਤਾਂ ਨਹੀਂ ਰਿਹਾ ਹੈ?

**ਦਮਿਤਰੀ:** (ਸੋਚਦਾ ਹੈ) ਹਾਂ, ਉਨ੍ਹਾਂ ਵਿਚੋਂ ਇਕ ਵਿਅਕਤੀ ਦੱਸ ਰਿਹਾ ਸੀ ਕਿ ਅੱਜਕੱਲ੍ਹ ਰੇਂਡੀਅਰਾਂ ਵਿਚ ਕੋਈ ਬਿਮਾਰੀ ਫੈਲ ਰਹੀ ਹੈ ਜਿਸ ਨਾਲ ਉਹ ਅਪਣੇ ਆਪ ਮਰ ਰਹੀਆਂ ਹਨ।

**ਸਟੇਮਲਰ:** ਵੇਖੋ ਨਾ ਇਹ ਸਾਰੀਆਂ ਅਲਾਮਤਾਂ ਤੇ ਨਿਸ਼ਾਨੀਆਂ ਤਾਂ ਐਂਥਰੈਕਸ ਦੀ ਡਾਇਗਨੋਸਿਸ ਵਿਚ ਇਕਦਮ ਫਿੱਟ ਬੈਠਦੀਆਂ ਨੇ !

**ਦਮਿਤਰੀ:** ਸਰ ! ਪਰ ਐਂਥਰੈਕਸ ਦਾ ਤਾਂ ਸੰਨ 1941 ਵਿਚ ਖ਼ਤਮ ਹੋਣ ਦਾ ਐਲਾਨ ਕਰ ਦਿੱਤਾ ਗਿਆ ਸੀ। ਇਥੋਂ ਤਕ ਕਿ ਹੁਣ ਤਾਂ ਐਂਥਰੈਕਸ ਦਾ ਟੀਕਾ ( ਵੈਕਸੀਨ ) ਵੀ ਅਸਾਨੀ ਨਾਲ ਉਪਲਬਧ ਨਹੀਂ ਹੈ।

**ਸਟੇਮਲਰ:** ਦਮਿਤਰੀ ! ਕਲਚਰ ਲਈ ਸੈਂਪਲ ਭੇਜੋ... ਪ੍ਰੋਵਿਜ਼ਨਲ ਡਾਇਗਨੋਸਿਸ ਤਾਂ ਐਂਥਰੈਕਸ ਹੀ ਬਣਦਾ ਹੈ ! ਮੈਂ ਮਾਈਕਰੋਬਾਇਓਲੋਜਿਸਟ ਨਾਲ ਗੱਲ ਕਰ ਲੈਂਦਾ ਹਾਂ... ਲੈਟ ਅਸ ਸੀ ਵਟ੍ਹ ਕਮਜ਼ ਆਊਟ?

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

**(ਦ੍ਰਿਸ਼ ਬਦਲਾਅ ਸੰਗੀਤ ..........................ਮੱਧਮ ਪੈਂਦਾ ਹੈ)**

**( ਹਸਪਤਾਲ ਵਿੱਚ ਮਾਈਕਰੋਬਾਇਓਲੋਜੀ ਦੀ ਰਿਪੋਰਟ ਆਈ ਹੈ , ਉਹ ਇਸ ਨੂੰ ਵੇਖ ਕੇ ਡਾਕਟਰ ਦਮਿਤਰੀ ਹੈਰਾਨ ਹੁੰਦੇ ਹੋਏ ਪ੍ਰੋਫੈਸਰ ਸਟੇਮਲਰ ਦੇ ਕੋਲ ਲੈ ਕੇ ਜਾ ਰਿਹਾ ਹੈ !)**

**ਨੈਰੇਟਰ:** ਜਦੋਂ ਇਨ੍ਹਾਂ ਰੋਗੀਆਂ ਦੀ ਰਿਪੋਰਟ ਆਈ ਤਾਂ ਲੋਕਾਂ ਦੇ ਹੋਸ਼ ਉੱਡ ਗਏ।

**ਦਮਿਤਰੀ:** (ਅੰਦਰ ਆਉਂਦੇ ਹੋਏ) ਸਰ, ਕੀ ਤੁਸੀਂ ਇਹ ਕਲਚਰ ਸੈਂਸਟੀਵਿਟੀ ਰਿਪੋਰਟ ਵੇਖੀ ਹੈ?

**ਸਟੇਮਲਰ:** ਹਾਂ ਪਤਾ ਹੈ ਦਮਿਤਰੀ... ਦਿਸ ਇਜ਼ ਐਂਥਰੈਕਸ, ਇਹੀ ਨਾ?

**ਦਮਿਤਰੀ:** ਜੀ ਸਰ, ਪਰ ਇਹ ਐਨੇ ਸਾਲਾਂ ਬਾਅਦ ਐਂਥਰੈਕਸ ! ਅਚਾਨਕ ਵਾਪਸ ਕਿਵੇਂ ਆਇਆ?

**ਸਟੇਮਲਰ:** ਇਹੀ ਤਾਂ ਫਿਕਰ ਦੀ ਗੱਲ ਹੈ ਦਮਿਤਰੀ !

**ਦਮਿਤਰੀ:** ਯਾਨੀ ਕਿ ਦੁਨੀਆਂ ਤੋਂ ਚਲੀ ਗਈ ਇਕ ਖ਼ਤਰਨਾਕ ਬਿਮਾਰੀ ਹੁਣ ਦੁਬਾਰਾ ਦਸਤਕ ਦੇ ਰਹੀ ਹੈ।

**ਸਟੇਮਲਰ:** ਦਮਿਤਰੀ ਗੱਲ ਇਨ੍ਹਾਂ ਮਰੀਜ਼ਾਂ ਤਕ ਖ਼ਤਮ ਨਹੀਂ ਹੁੰਦੀ, ਇਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਸਾਰੇ ਲੋਕਾਂ ਦੀ ਜਾਂਚ ਕਰਨੀ ਹੋਵੇਗੀ... ਉਨ੍ਹਾਂ ਦੇ ਬਚਾਓ ਦੇ ਲਈ ਟੀਕਿਆਂ ਦਾ ਪ੍ਰਬੰਧ ਕਰਨਾ ਹੋਵੇਗਾ !

**ਦਮਿਤਰੀ:** ਇਹ ਤਾਂ ਬਹੁਤ ਵੱਡਾ ਅਤੇ ਕਠਿਨ ਕੰਮ ਹੋਵੇਗਾ। ਇਕਦਮ ਕਿਥੋਂ ਆਉਣਗੀਆਂ ਐਂਥਰੈਕਸ ਦੇ ਟੀਕਿਆਂ ਦੀਆਂ ਐਨੀਆਂ ਖੁਰਾਕਾਂ?

**ਸਟੇਮਲਰ:** ਦਮਿਤਰੀ ਜੋ ਰੇਂਡੀਅਰ ਮਰ ਰਹੇ ਹਨ ਉਨ੍ਹਾਂ ਦੀ ਵੀ ਜਾਂਚ ਕਰਵਾਉਣੀ ਹੋਵੇਗੀ। ਜੇ ਉਨ੍ਹਾਂ ਵਿਚ ਐਂਥਰੈਕਸ ਦੀ ਪੁਸ਼ਟੀ ਹੁੰਦੀ ਹੈ ਤਾਂ ਉਨ੍ਹਾਂ ਦੇ ਮ੍ਰਿਤਕ ਸਰੀਰਾਂ ਦੇ ਸਰੱਖਿਅਤ ਨਿਪਟਾਰੇ ‘ਤੇ ਵੀ ਧਿਆਨ ਦੇਣਾ ਪਵੇਗਾ!

**ਦਮਿਤਰੀ:** ਸਰ ! ਐਂਥਰੈਕਸ ਦੀ ਮਹਾਂਮਾਰੀ ਫੈਲਣ ਤੋਂ ਪਹਿਲਾਂ-ਪਹਿਲਾਂ ਸਾਨੂੰ ਇਸ ਦੇ ਸ੍ਰੋਤ ਦਾ ਪਤਾ ਕਰਨਾ

ਹੋਵੇਗਾ।

**ਸਟੇਮਲਰ:** ਦਮਿਤਰੀ ਇਕ ਲੈਟਰ ਤਿਆਰ ਕਰਵਾਓ, ਸਾਨੂੰ ਸਰਕਾਰ ਅਤੇ ਪ੍ਰਸ਼ਾਸਨ ਨੂੰ ਇਸ ਦੁਰਘਟਨਾ ਦੀ ਜਾਣਕਾਰੀ ਦੇਣੀ ਹੈ...... ਐਜ਼ ਅਰਲੀ ਐਜ਼ ਪਾਸੀਬਲ।

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਤੀਜਾ......**

**(ਦ੍ਰਿਸ਼ ਬਦਲਾਅ ਸੰਗੀਤ ............................ਮੱਧਮ ਪੈਂਦਾ ਹੈ)**

**( ਹਸਪਤਾਲ ਵਿੱਚ ਜੂਨੀਅਰ ਡਾਕਟਰ ਦਮਿਤਰੀ ਆਪਣੇ ਕਮਰੇ ਵਿਚ ਹੈ। ਮੁੱਖ ਡਾਕਟਰ ਪ੍ਰੋਫੈਸਰ ਸਟੇਮਲਰ ਪ੍ਰਵੇਸ਼ ਕਰਦੇ ਹਨ – ਲੋੜੀਂਦਾ ਧੁਨੀ ਪ੍ਰਭਾਵ ਦਿਓ)**

**ਔਰਤ ਸੂਤਰਧਾਰ:** ਖ਼ਬਰ ਫੈਲਦੇ ਹੀ ਘਬਰਾਹਟ ਅਤੇ ਡਰ ਦਾ ਮਾਹੌਲ ਬਣ ਗਿਆ। ਅਫਵਾਹਾਂ ਫੈਲਣ ਲੱਗੀਆਂ। ਪ੍ਰਸ਼ਾਸਨ ਦੇ ਹੱਥ-ਪੈਰ ਫੁੱਲਣ ਲੱਗੇ। ਅਗਲੇ ਦਿਨ ਬਹੁਤ ਸਾਰੇ ਹੋਰ ਲੋਕ ਇਸੇ ਤਰ੍ਹਾਂ ਦੇ ਲੱਛਣਾਂ ਦੇ ਨਾਲ ਹਸਪਤਾਲ ਵਿਚ ਭਰਤੀ ਹੋ ਗਏ। ਗੰਭੀਰ ਰੂਪ ਨਾਲ ਬਿਮਾਰ 9 ਸਾਲਾਂ ਦੇ ਡੇਨਿਸ ਦੀ ਮੌਤ ਹੋ ਗਈ। ਹਾਲਾਤ ਐਨੇ ਕਠਿਨ ਹੋ ਗਏ ਕਿ ਗਵਰਨਰ ਨੇ ਆਪਾਤਕਾਲ ਦੀ ਘੋਸ਼ਣਾ ਕਰ ਦਿੱਤੀ।

(ਗਵਰਨਰ ਸਥਾਨਿਕ ਟੀ.ਵੀ. ਚੈਨਲ ਉਪਰ ਬੋਲ ਰਹੇ ਹਨ ਉਹ ਆਪਣੀ ਵਾਰਤਾਲਾਪ ਰੂਸੀ ਐਕਸਟੈਂਟ ਦੇ ਨਾਲ ਅੰਗਰੇਜ਼ੀ ਵਿਚ ਸ਼ੁਰੂ ਕਰਨਗੇ ਫਿਰ ਵੋਆਇਸ ਓਵਰ ਕਰਕੇ ਸਥਾਨਿਕ ਕਲਾਕਾਰ ਇਸ ਨੂੰ ਹਿੰਦੀ ਜਾਂ ਪ੍ਰਾਂਤਕ ਭਾਸ਼ਾ ਵਿਚ ਅੱਗੇ ਬੋਲੇਗਾ)

**ਗਵਰਨਰ:** ਆਈ ਐਮ ਇਨਫਾਰਮਡ ਅਬਾਊਟ ਦਾ ਡੈੱਥ ਆਫ ਦਾ ਬੁਆਏ ਡਿਊ ਟੂ ਐਂਥਰੈਕਸ ਇਨ ਦਾ ਹਾਸਪਿਟਲ (ਵੁਆਇਸ ਓਵਰ) ਮੈਨੂੰ ਸੂਚਨਾ ਮਿਲੀ ਹੈ ਕਿ ਹਸਪਤਾਲ ਵਿਚ ਭਰਤੀ ਇਕ ਬੱਚੇ ਦੀ ਐਂਥਰੈਕਸ ਨਾਲ ਦੁਖਦਾਈ ਮੌਤ ਹੋ ਗਈ ਹੈ, ਜਿਸ ਦਾ ਮੈਨੂੰ ਬੇਹੱਦ ਦੁੱਖ ਹੈ। ਮੇਰੀਆਂ ਸੰਵੇਦਨਾਵਾਂ ਮ੍ਰਿਤਕ ਦੇ ਪਰਿਵਾਰ ਦੇ ਨਾਲ ਹਨ। ਮੈਂ ਉਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਬੱਚੇ ਨੂੰ ਬਚਾਉਣ ਲਈ ਡਾਕਟਰਾਂ ਨੇ ਹਰ ਸੰਭਵ ਯਤਨ ਕੀਤੇ ਪਰ ਅਸੀਂ ਕਾਮਯਾਬ ਨਹੀਂ ਹੋ ਸਕੇ। ਬਿਮਾਰੀ 75 ਸਾਲਾਂ ਬਾਅਦ ਫਿਰ ਵਾਪਸ ਆਈ ਹੈ ਅਸੀਂ ਇਸਦੀ ਵਜ੍ਹਾ ਜਾਣਨ ਦੇ ਹਰ ਸੰਭਵ ਯਤਨ ਕਰਾਂਗੇ। ਸੰਕਰਮਕ ਰੋਗਾਂ ਦੀ ਰਾਸ਼ਟਰੀ ਚਕਿਤਸਾ ਅਧਿਕਾਰੀ ਮਿਸਿਜ਼ ਰੀਨਾ ਘਟਨਾ ਸਥਲ ਲਈ ਰਵਾਨਾ ਹੋ ਗਏ ਹਨ। ਹਾਲਾਤ ਨਾਲ ਨਿਪਟਣ ਲਈ ਸੈਨਾ ਦੀਆਂ ਅਪਤਾਕਾਲੀਨ ਟੀਮਾਂ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਘਟਨਾ ਸਥਾਨ ਦੇ ਲਈ ਰਵਾਨਾ ਕਰ ਦਿੱਤਾ ਗਿਆ ਹੈ। ਲੋਕਾਂ ਨੂੰ ਬੇਨਤੀ ਹੈ ਕਿ ਸ਼ਾਤੀ ਬਣਾਏ ਰੱਖੋ ਅਤੇ ਅਫਵਾਹਾਂ ਉਪਰ ਧਿਆਨ ਨਾ ਦਿਓ।

(ਗਵਰਨਰ ਦਾ ਵਖਿਆਨ ਮੱਧਮ ਪੈਂਦਾ ਹੈ ਉਸ ਉਪਰ ਸੂਤਰਧਾਰ ਦੀ ਅਵਾਜ਼ ਸੁਪਰ ਇੰਪੋਜ਼ ਹੁੰਦੀ ਹੈ)

**ਮਰਦ ਸੂਤਰਧਾਰ:** ਅੰਤ ਜਦੋਂ ਐਂਥਰੈਕਸ ਦੇ ਦੁਬਾਰਾ ਪੈਦਾ ਹੋਣ ਦੇ ਕਾਰਨ ਦਾ ਪਤਾ ਲੱਗਿਆ ਤਾਂ ਹਰ ਕੋਈ ਹੈਰਾਨ ਸੀ। ਕਰੀਬ 75 ਸਾਲ ਪਹਿਲਾਂ ਰੇਂਡੀਅਰਾਂ ਵਿਚ ਐਂਥਰੈਕਸ ਦਾ ਰੋਗ ਫੈਲਿਆ ਸੀ। ਉਸ ਸਮੇਂ ਐਂਥਰੈਕਸ ਤੋਂ ਮਰੇ ਇਕ ਰੇਂਡੀਅਰ ਦਾ ਸਰੀਰ ਬਰਫ ਦੀਆਂ ਪਰਤਾਂ ਵਿਚ ਦਬ ਗਿਆ ਸੀ ਅਤੇ 75 ਸਾਲਾਂ ਤਕ ਲਗਾਤਾਰ ਉਥੇ ਹੀ ਦੱਬਿਆ ਰਿਹਾ। ਇਸ ਸਾਲ ਗਰਮੀਆਂ ਵਿਚ ਵਾਤਾਵਰਨ ਦਾ ਤਾਪਮਾਨ ਤੇਜ਼ੀ ਨਾਲ ਵਧਿਆ ਤਾਂ ਬਰਫ ਦੀਆਂ ਪਰਤਾਂ ਪਿਘਲ ਗਈਆਂ ਅਤੇ ਉਸ ਰੇਂਡੀਅਰ ਦਾ ਸਰੀਰ ਖੁੱਲ੍ਹੇ ਵਿਚ ਆ ਗਿਆ। ਰੇਂਡੀਅਰ ਦੇ ਸਰੀਰ ਵਿਚ ਬੇਹਰਕਤ ਪਏ ਐਂਥਰੈਕਸ ਦੇ ਜੀਵਾਣੂ 75 ਸਾਲਾਂ ਬਾਅਦ ਫਿਰ ਕਿਰਿਆਸ਼ੀਲ ਹੋ ਉੱਠੇ। ਹਵਾ ਨਾਲ ਉਹ ਆਸੇ ਪਾਸੇ ਫੈਲ ਗਏ ਅਤੇ ਵੇਖਦੇ ਹੀ ਵੇਖਦੇ ਉਨ੍ਹਾ ਨੇ ਪੂਰੇ ਇਲਾਕੇ ਨੂੰ ਅਪਣੀ ਲਪੇਟ ਵਿਚ ਲੈ ਲਿਆ।

**ਔਰਤ ਸੂਤਰਧਾਰ:** 10 ਦਿਨਾਂ ਵਿਚ ਹੀ ਕਰੀਬ 2349 ਰੇਂਡੀਅਰਾਂ ਦੀ ਮੌਤ ਹੋ ਗਈ। ਸਰਕਾਰ ਵੱਲੋਂ ਆਨਨ-ਫਾਨਨ ਵਿਚ 4500 ਰੇਂਡੀਅਰਾਂ ਨੂੰ ਐਂਥਰੈਕਸ ਦੇ ਟੀਕੇ ਲਗਾਏ ਗਏ ਤੇ ਕਰੀਬ 41,000 ਰੇਂਡੀਅਰਾਂ ਨੂੰ ਐਂਥਰੈਕਸ ਦੇ ਟੀਕੇ ਲਗਾਉਣ ਦੀ ਯੋਜਨਾ ਸੀ! ਐਂਥਰੈਕਸ ਨਾਲ ਮਰੇ ਮ੍ਰਿਤਕ ਰੇਂਡੀਅਰਾਂ ਦੇ ਸਰੀਰਾਂ ਨੂੰ ਸੁਰੱਖਿਅਤ ਨਿਪਟਾਉਣ ਦੇ ਪ੍ਰਬੰਧ ਵਿੱਚ ਸਥਾਨਿਕ ਪ੍ਰਸ਼ਾਸਨ ਨੇ ਸੈਨਾ ਦੀ ਮੱਦਦ ਨਾਲ ਜੰਗੀ ਪੱਧਰ 'ਤੇ ਕੰਮ ਕੀਤਾ ਗਿਆ!

**ਮਰਦ ਸੂਤਰਧਾਰ:** ਇਹ ਸੀ ਗਲੋਬਲ ਵਾਰਮਿੰਗ ਦੀ ਇਕਦਮ ਡਰਾ ਦੇਣ ਵਾਲੀ ਤਸਵੀਰ... ਇਕ ਛੋਟੇ ਜਿਹੇ ਇਲਾਕੇ ਵਿਚ ਫਿਰ ਤੋਂ ਉਭਰਨ ਵਾਲੇ ਐਂਥਰੈਕਸ ਨਾਲ ਨਿਪਟਣ ਦੇ ਲਈ ਇਕ ਦੇਸ਼ ਦੇ ਪ੍ਰਸ਼ਾਸਨ ਨੂੰ ਅੱਡੀ-ਚੋਟੀ ਦਾ ਜ਼ੋਰ ਲਗਾਉਣਾ ਪਿਆ। ਜਦੋਂ ਇਕ ਦਿਨ ਇਹੀ ਵਿਸ਼ਵ ਪੱਧਰ ਉਪਰ ਹੋਵੇਗਾ ਤਾਂ ਕੀ ਹੋਵੇਗਾ? ਇਸ ਨਾਲ ਕਿਵੇਂ ਨਿਪਟਿਆ ਜਾ ਸਕੇਗਾ? ਕਿੰਨੇ ਸੰਸਾਧਨਾਂ ਦੀ ਜ਼ਰੂਰਤ ਹੋਵੇਗੀ? ਕਿਥੋਂ ਆਉਣਗੇ ਐਨੀ ਸਾਰੀ ਮਾਤਰਾ ਵਿਚ ਰੋਗ ਰੋਧੀ ਟੀਕੇ? ਕਿਥੋਂ ਆਉਣਗੇ ਮਨੁੱਖੀ ਸੰਸਾਧਨ? ਕਿਥੋਂ ਆਵੇਗਾ ਐਨਾ ਸਾਰਾ ਧਨ?

**ਔਰਤ ਸੂਤਰਧਾਰ:** ਵਿਕਾਸਸ਼ੀਲ ਦੇਸ਼, ਜਿਨ੍ਹਾਂ ਦਾ ਗਲੋਬਲ ਵਾਰਮਿੰਗ ਵਿਚ ਸਭ ਤੋਂ ਘੱਟ ਯੋਗਦਾਨ ਹੈ, ਉਹੀ ਇਸਦੇ ਸਭ ਤੋਂ ਜ਼ਿਆਦਾ ਸ਼ਿਕਾਰ ਹੋਣਗੇ । ਉਹ ਜਿਹੜੇ ਅਜੇ ਅਪਣੀਆਂ ਮੌਲਿਕ ਸਿਹਤ ਲੋੜਾਂ ਨੂੰ ਵੀ ਪੂਰਾ ਨਹੀਂ ਕਰ ਪਾਏ, ਅਜਿਹੀਆਂ ਪਰਿਸਥਿਤੀਆਂ ਵਿਚ ਕੀ ਕਰਨਗੇ? ਆਓ ਜਾਣਦੇ ਹਾਂ ਇਨ੍ਹਾਂ ਸਭ ਦੇ ਬਾਰੇ...!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਚੌਥਾ**......

**(ਦ੍ਰਿਸ਼ ਬਦਲਾਅ ਸੰਗੀਤ ..........................ਮੱਧਮ ਪੈਂਦਾ ਹੈ)**

**(ਸਥਾਨ: ਵਿਸ਼ਵ ਸਿਹਤ ਸੰਗਠਨ ਦਾ ਸਥਾਨਕ ਆਫਿਸ ! ਵਿਵੇਕ ਅਤੇ ਮੇਘਾ ਇਥੇ ਅਪਣੇ ਮਾਮਾ ਪ੍ਰਸ਼ਾਂਤ ਦੇ ਮਿੱਤਰ ਵਿਕਾਸ ਦੇ ਹਵਾਲੇ ਨਾਲ ਡਾ. ਅਲਪੇਸ਼ ਠਾਕੁਰ ਨੂੰ ਮਿਲਣ ਆਏ ਹਨ)**

**ਮੇਘਾ:** ਵਿਵੇਕ, ਵਿਸ਼ਵ ਸਿਹਤ ਸੰਗਠਨ ਦੇ ਸਥਾਨਕ ਸੰਗਠਨ ਤੱਕ ਤਾਂ ਅਸੀਂ ਆ ਗਏ, ਹੁਣ ਡਾ. ਅਲਪੇਸ਼ ਠਾਕੁਰ ਨੂੰ ਲੱਭਣਾ ਹੈ।

ਵਿਵੇਕ: ਹਾਂ, ਇਹ ਰਹੀ ਉਨ੍ਹਾਂ ਦੀ ਨੇਮ ਪਲੇਟ... ਅਲਪੇਸ਼ ਠਾਕੁਰ, ਸੀਨੀਅਰ ਐਪੀਡੈਮਿਓਲੋਜਿਸਟ, ਆਓ ਵਿਵੇਕ !

(ਦਰਵਾਜ਼ਾ ਖੁੱਲ੍ਹਣ ਦਾ ਧੁਨੀ ਪ੍ਰਭਾਵ)

ਮੇਘਾ: ਨਮਸਤੇ ਅੰਕਲ, ਮੈਂ ਮੇਘਾ !

ਵਿਵੇਕ: ਅਤੇ ਮੈਂ ਵਿਵੇਕ, ਵਿਕਾਸ ਅੰਕਲ ਨੇ ਤੁਹਾਨੂੰ ਮਿਲਣ ਲਈ ਕਿਹਾ ਸੀ।

ਠਾਕੁਰ: ਓ ਹੋ, ਵੈੱਲਕਮ, ਯੂ ਆਰ ਵੈੱਲਕਮ। ਹਾਂ, ਵਿਕਾਸ ਨੇ ਉਸ ਦਿਨ ਫੋਨ ਕੀਤਾ ਸੀ... ਸ਼ਾਇਦ ਕਿਸੇ ਪ੍ਰਾਜੈਕਟ ਬਾਰੇ... ਕਿਸ ਦਾ ਹੈ ਉਹ ਪ੍ਰਾਜੈਕਟ?

ਮੇਘਾ: ਮੇਰਾ...! ਗਲੋਬਲ ਵਾਰਮਿੰਗ ਅਤੇ ਮਨੁੱਖੀ ਸਿਹਤ !

ਠਾਕੁਰ: ਗੁੱਡ, ਗੁੱਡ, ਤਾਂ ਦੱਸੋ ਕਿਵੇਂ ਮੱਦਦ ਕੀਤੀ ਜਾਵੇ ਤੁਹਾਡੀ? ਮੇਘਾ ਤੁਸੀਂ ਕੀ ਜਾਣਨਾ ਚਾਹੁੰਦੇ ਹੋ?

ਮੇਘਾ: ਅੰਕਲ ! ਗਲੋਬਲ ਵਾਰਮਿੰਗ ਨਾਲ ਵਾਤਾਵਰਨ ਵਿਚ ਹੋਣ ਵਾਲੇ ਪਰਿਵਰਤਨਾਂ ਦੇ ਮਾੜੇ ਪ੍ਰਭਾਵ ਤਾਂ ਮਨੁੱਖੀ ਸਿਹਤ ਉਪਰ ਪੈ ਹੀ ਰਹੇ ਹਨ।

ਠਾਕੁਰ: ਬਿਲਕੁਲ।

ਮੇਘਾ: ਕੀ ਅਸੀਂ ਬੁਰੇ ਪ੍ਰਭਾਵਾਂ ਤੋਂ ਬਚਣ ਲਈ ਕੁਝ ਤਿਆਰੀਆਂ ਕਰ ਸਕਦੇ ਹਾਂ?

ਵਿਵੇਕ: ਕੀ ਅਸੀਂ ਪਹਿਲਾਂ ਇਸਦੇ ਲਈ ਕੋਈ ਤਿਆਰੀਆਂ ਕੀਤੀਆਂ ਹਨ?

ਠਾਕੁਰ: ਮੇਘਾ, ਜਿੱਥੋਂ ਤੱਕ ਤਿਆਰੀਆਂ ਦਾ ਸਬੰਧ ਹੈ ਤਾਂ ਸਭ ਤੋਂ ਪਹਿਲੀ ਗੱਲ ਹੈ ਕਿ ਆਮ ਆਦਮੀ ਇਸ ਗਲੋਬਲ ਵਾਰਮਿੰਗ ਦੀ ਹਕੀਕਤ ਨੂੰ ਆਪਣੀ ਸਮਝ ਦਾ ਹਿੱਸਾ ਬਣਾਉਣ !

ਵਿਵੇਕ: ਮਤਲਬ ?

ਠਾਕੁਰ: ਮਤਲਬ ਇਹ ਹੈ ਕਿ ਜਨ ਸਾਧਾਰਨ ਇਸ ਖਤਰੇ ਨੂੰ ਆਪਣੇ ਸਿਰ ‘ਤੇ ਹੁਣੇ ਤੋਂ ਹੀ ਮੰਡਰਾਉਂਦਾ ਵੇਖਣ !

ਮੇਘਾ: ਪਰ ਅੰਕਲ ! ਗਲੋਬਲ ਵਾਰਮਿੰਗ ਦੇ ਮਾੜੇ ਪ੍ਰਭਾਵ ਤਾਂ ਜਗ-ਜ਼ਾਹਿਰ ਹਨ, ਸਭ ਨੂੰ ਦਿਸਣ ਰਹੇ ਹਨ।ਸਾਰੇ ਇਨ੍ਹਾਂ ਤੋਂ ਪ੍ਰਭਾਵਤ ਵੀ ਹੋ ਰਹੇ ਹਨ ! ਵਧਦੀਆਂ ਬਿਮਾਰੀਆਂ, ਮੌਸਮ ਦੀ ਅਤਿ, ਆਏ ਦਿਨ ਵਾਤਾਵਰਨ ਪ੍ਰਦੂਸ਼ਣ ਦੀਆਂ ਦੁਰਘਟਨਾਵਾਂ, ਵਧਦੇ ਸੰਕਰਮਕ ਰੋਗ......

ਠਾਕੁਰ: ਠੀਕ ਕਹਿੰਦੀ ਹੈਂ ਮੇਘਾ! ਪਰ ਇੱਕ ਵਿਸ਼ਾਲ ਜਨਤਕ ਮੁਹਿੰਮ ਰਾਹੀਂ ਜਨ ਸਾਧਾਰਨ ਨੂੰ ਵਿਆਪਕ ਪੱਧਰ 'ਤੇ ਇਹ ਸਮਝਾਉਣ ਦੀ ਲੋੜ ਹੈ ਕਿ ਗਲੋਬਲ ਵਾਰਮਿੰਗ ਕੋਈ ਭਵਿੱਖ ਦੀ ਆਫਤ ਨਹੀਂ ਸਗੋਂ ਇਹ ਤਾਂ ਵਰਤਮਾਨ ਦੀ ਖਤਰਨਾਕ ਸਚਾਈ ਹੈ!

ਮੇਘਾ: ਇਸ ਦੇ ਲਈ ਤਾਂ ਅਸੀਂ ਸਰਕਾਰੀ ਅਤੇ ਗ਼ੈਰ-ਸਰਕਾਰੀ ਪ੍ਰਚਾਰ ਮਾਧਿਅਮਾਂ ਦਾ ਵੀ ਸਹਾਰਾ ਲੈ ਸਕਦੇ ਹਾਂ।

ਵਿਵੇਕ: ਅਤੇ ਸ਼ੋਸ਼ਲ ਮੀਡਿਆ ਦਾ ਵੀ......

ਠਾਕੁਰ: ਹਾਂ ਸ਼ੋਸ਼ਲ ਮੀਡਿਆ ਵੀ ਇਕ ਵਧੀਆ ਮਾਧਿਅਮ ਸਾਬਤ ਹੋਵੇਗਾ।

ਮੇਘਾ: ਪਰ ਇਸਦੇ ਲਈ ਸਾਨੂੰ ਪ੍ਰਸ਼ਾਸਨਿਕ ਤੰਤਰ ਦੇ ਪੱਧਰ ਉਪਰ ਵੀ ਕਾਫੀ ਤਿਆਰੀਆਂ ਕਰਨੀਆਂ ਹੋਣਗੀਆਂ।

ਠਾਕੁਰ: ਇਹ ਤਿਆਰੀਆਂ ਇਸ ਲਈ ਵੀ ਜਰੂਰੀ ਹਨ ਕਿਉਂਕਿ ਗਲੋਬਲ ਵਾਰਮਿੰਗ ਕਾਰਨ ਹੁੰਦੇ ਵਾਤਾਵਰਨ ਪਰਿਵਰਤਨ ਦੀਆਂ ਕਈ ਘਟਨਾਵਾਂ ਮਨੁੱਖੀ ਸਿਹਤ ਨੂੰ ਵੀ ਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦੀਆਂ ਹਨ !

ਵਿਵੇਕ: ਕਿਹੜੀਆਂ?

ਠਾਕੁਰ: ਜਿਵੇਂ ਗਰਮੀ, ਗਰਮ ਹਵਾਵਾਂ ਅਤੇ ਉਸ ਨਾਲ ਜੁੜੇ ਮੌਸਮ ਦੇ ਅਤਿ !

ਮੇਘਾ: ਯਾਨੀ ਹਨੇਰੀ, ਤੂਫਾਨ, ਹੜ੍ਹ, ਸੋਕਾ, ਜੰਗਲਾਂ ਦੀ ਅੱਗ.........

ਠਾਕੁਰ: ਇਸ ਤੋਂ ਇਲਾਵਾ ਸੰਕਰਮਕ ਰੋਗਾਂ ਦੀ ਮਾਰ ਦੇ ਵਿਭਿੰਨ ਪਹਿਲੂਆਂ ਵਿਚ ਵੀ ਪਰਿਵਰਤਨ ਆ ਰਹੇ ਹਨ।

ਮੇਘਾ: ਜਿਵੇਂ ਕਿ ਇਹ ਸੰਕਰਮਕ ਰੋਗ ਉਨ੍ਹਾਂ ਖੇਤਰਾਂ ਵਿਚ ਵੀ ਦਸਤਕ ਦੇ ਰਹੇ ਹਨ ਜਿਥੇ ਇਹ ਪਹਿਲਾਂ ਕਦੇ ਵੀ ਨਹੀਂ ਸਨ ਹੁੰਦੇ ਅਤੇ ਉਨ੍ਹਾਂ ਦੀ ਗੰਭੀਰਤਾ ਵੀ ਵਧਦੀ ਹੈ ............

ਠਾਕੁਰ: ਇਨ੍ਹਾਂ ਸਭ ਦੇ ਕਾਰਨ ਭੋਜਨ ਪਦਾਰਥਾਂ ਦੀ ਪੈਦਾਵਾਰ ਵਿਚ ਜੋ ਕਮੀ ਆਏਗੀ ਜਾਂ ਸਾਫ ਪੀਣ ਵਾਲੇ ਪਾਣੀ ਦੀ ਅੰਤਾਂ ਦੀ ਘਾਟ ਦੀ ਸੰਭਾਵਨਾ ਮਨੁੱਖੀ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ !

ਮੇਘਾ: ਇਸ ਤੋਂ ਇਲਾਵਾ ਹੜ੍ਹ ਆਉਣ ਕਾਰਨ ਅਤੇ ਦਲਦਲੀ ਭੂਮੀ ਦੇ ਬਣਨ ਨਾਲ ਪ੍ਰਭਾਵਿਤ ਲੋਕ ਜਦੋਂ ਪਹਿਲਾਂ ਹੀ ਸੰਘਣੀ ਆਬਾਦੀ ਵਾਲੇ ਇਲਾਕਿਆਂ ਵੱਲ ਜਾਣਗੇ ਉਦੋਂ ਕੀ ਹਾਲਾਤ ਬਣਨਗੇ ?

ਠਾਕੁਰ: ਇਨ੍ਹਾਂ ਸਭ ਮੁਸ਼ਕਲਾਂ ਦਾ ਮੁਕਾਬਲਾ ਕਰਨ ਦੀਆਂ ਅਸੀਂ ਤਿਆਰੀਆਂ ਕਰਨੀਆਂ ਹਨ ।ਸਭ ਤੋਂ ਪਹਿਲਾਂ ਤਾਂ ਇਨ੍ਹਾਂ ਅਨੁਮਾਨਿਤ ਪ੍ਰਭਾਵਿਤ ਖੇਤਰਾਂ ਵਿਚ ਵਿਸਤ੍ਰਿਤ ਸਰਵੇਖਣ ਦੀ ਜ਼ਰੂਰਤ ਹੈ ਤਾਂ ਕਿ ਅਸੀਂ ਇਹ ਜਾਣ ਸਕੀਏ ਕਿ ਵਿਵਸਥਾ ਕਿਥੇ ਕਮਜ਼ੋਰ ਹੈ? ਕਿਹੜੇ ਅਤੇ ਕਿੰਨੇ ਸੁਧਾਰਾਂ ਦੀ ਜ਼ਰੂਰਤ ਹੈ !

ਮੇਘਾ: ਸਰ ! ਹਾਲਾਤ ਤਾਂ ਬਦਲਦੇ ਰਹਿੰਦੇ ਹਨ ! ਇਸ ਲਈ ਅਜਿਹੇ ਸਰਵੇਖਣ ਤਾਂ ਲਗਾਤਾਰ ਚੱਲਣੇ ਚਾਹੀਦੇ ਹਨ।

ਠਾਕੁਰ: ਹਾਂ ਮੇਘਾ ! ਇਸ ਦੇ ਨਾਲ ਹੀ ਜਰੂਰੀ ਹੈ ਕਿ ਮੌਸਮ ਦੇ ਜੋ ਪਰਿਵਰਤਨ ਮਨੁੱਖੀ ਸਿਹਤ ਦੇ ਲਈ ਹਾਨੀਕਾਰਕ ਹਨ... ਜਿਵੇਂ ਅਤਿ ਦੀ ਗਰਮੀ ਅਤੇ ਲੂ, ਸ਼ੀਤ ਲਹਿਰ, ਤੂਫਾਨ, ਇਨ੍ਹਾਂ ਸਭ ਦੀ ਸਟੀਕ ਅਤੇ ਸਮੇ ਸਿਰ ਅਗਾਊਂ ਸੂਚਨਾ ਜਨ ਸਾਧਾਰਨ ਨੂੰ ਮਿਲੇ ਤਾਂ ਕਿ ਸਮਾਂ ਰਹਿੰਦੇ ਇਨ੍ਹਾਂ ਤੋਂ ਬਚਣ ਦੇ ਉਪਾਅ ਕੀਤੇ ਜਾ ਸਕਣ

ਅਤੇ ਜਨ-ਧਨ ਦੇ ਨੁਕਸਾਨ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।

ਮੇਘਾ: ...... ਅਤੇ ਜਿਥੇ ਸੰਸਾਧਨਾਂ ਦੀ, ਸੁਧਾਰਾਂ ਦੀ ਅਤੇ ਮੱਦਦ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਹੈ ਉਨ੍ਹਾਂ ਨੂੰ ਪਛਾਣ ਕੇ ਉਥੇ ਮੱਦਦ ਪਹੁੰਚਾਉਣ ਦੀ ਅਗਾਊਂ ਤਿਆਰੀ ਰੱਖਣੀ ਪਵੇਗੀ।

ਠਾਕੁਰ: ਸਭ ਤੋਂ ਵੱਡੀ ਜ਼ਰੂਰਤ ਹੈ ਸਿਹਤ ਸਿੱਖਿਆ ਦੀ ਤਾਂ ਕਿ ਲੋਕ ਪਹਿਲਾਂ ਤੋਂ ਹੀ ਗਲੋਬਲ ਵਾਰਮਿੰਗ ਨਾਲ ਹੋਣ ਵਾਲੇ ਖਤਰਿਆਂ ਦੇ ਬਾਰੇ ਵਿਚ ਜਾਣ ਲੈਣ ਕਿ ਇਹ ਹਕੀਕਤ ਹੈ ਅਤੇ ਇਸ ਨੂੰ ਸਵੀਕਾਰ ਕਰਨ।

ਮੇਘਾ: ਹਾਂ ਸਰ, ਤਾਂ ਹੀ ਤਾਂ ਇਸ ਤੋਂ ਬਚਣ ਦੇ ਉਪਾਅ ਸਿੱਖਣ ਵਿਚ ਉਨ੍ਹਾਂ ਦੀ ਰੁਚੀ ਹੋਵੇਗੀ।

ਵਿਵੇਕ: ਵਿਕਾਸ ਅੰਕਲ ਕਹਿ ਰਹੇ ਸਨ ਕਿ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਵਧਣਗੀਆਂ। ਸੋ, ਸਭ ਨੂੰ ਮੱਛਰਾਂ ਨੂੰ ਨਸ਼ਟ ਕਰਨ, ਉਨ੍ਹਾਂ ਨੂੰ ਪਲਣ ਤੋਂ ਰੋਕਣ ਅਤੇ ਮੱਛਰ ਕੱਟਣ ਤੋਂ ਬਚਾਓ ਦੇ ਢੰਗ ਸਿੱਖਣੇ ਹੋਣਗੇ।

ਮੇਘਾ: ਉਨ੍ਹਾਂ ਨੂੰ ਸਿੱਖਣਾ ਹੋਵੇਗਾ ਕਿ ਛੂਤ ਵਾਲੀਆਂ ਬਿਮਾਰੀਆਂ ਨੂੰ ਫੈਲਣ ਤੋਂ ਕਿਵੇਂ ਰੋਕੀਏ ? ਸਫਾਈ ਅਤੇ ਹੱਥ ਧੋਣ ਦੇ ਨਿਯਮ ਸਿੱਖਣੇ ਹੋਣਗੇ... ਉਨ੍ਹਾਂ ਦੀ ਸਖਤੀ ਨਾਲ ਪਾਲਣਾ ਕਰਨੀ ਹੋਵੇਗੀ।

ਠਾਕੁਰ: ਸਭ ਤੋਂ ਵੱਡੀ ਗੱਲ ਇਹ ਸਿੱਖਣੀ ਤੇ ਕਰਨੀ ਹੋਵੇਗੀ ਕਿ ਗਲੋਬਲ ਵਾਰਮਿੰਗ ਦੀ ਗਤੀ ਘੱਟ ਕਿਵੇਂ ਹੋਵੇ?

ਮੇਘਾ: ਨਵੀਆਂ ਦਵਾਈਆਂ, ਨਵੀਆਂ ਐਂਟੀਬਾਈਓਟਿਕ ਅਤੇ ਵੈਕਸਿਨ ਦਾ ਨਿਰਮਾਣ ਵੀ ਤਾਂ ਜ਼ਰੂਰੀ ਹੋਵੇਗਾ ਨਾ ਅੰਕਲ ?

ਠਾਕੁਰ: ਉਹ ਤਾਂ ਹੋ ਹੀ ਰਿਹਾ ਹੈ, ਜਲਦੀ ਹੀ ਸਫਲਤਾ ਵੀ ਮਿਲੇਗੀ । ਡੇਂਗੂ ਤੇ ਚਿਕੁਨਗੁਨੀਆ ਦੇ ਟੀਕੇ ਉਪਰ ਤੇਜ਼ੀ ਨਾਲ ਖੋਜ ਕਾਰਜ ਚਲ ਰਹੇ ਹਨ ਇਕ ਨਾ ਇਕ ਦਿਨ ਉਨ੍ਹਾਂ ਨੇ ਸਫਲ ਹੋਣਾ ਹੀ ਹੈ।

ਮੇਘਾ: ਪਰ ਜਿਸ ਤਰ੍ਹਾਂ ਨਾਲ ਸੰਕਰਮਕ ਰੋਗਾਂ ਦੇ ਵਧਣ ਦੀ ਸ਼ੰਕਾ ਹੈ ਉਨੀਆਂ ਦਵਾਈਆਂ ਅਤੇ ਟੀਕੇ ਇਕਦਮ ਕਿਥੋਂ ਆਉਣਗੇ?

ਠਾਕੁਰ: ਮੰਨ ਲਉ ਕਿ ਇਥੇ ਸਾਡੇ ਤਿਆਰੀਆਂ ਅਧੂਰੀਆਂ ਹਨ ਪਰ ਇਕਦਮ ਤਾਂ ਇਨ੍ਹਾਂ ਸੰਪੂਰਨ ਬਣਾਇਆ ਵੀ ਨਹੀਂ ਜਾ ਸਕਦਾ ਕਿਉਂਕਿ ਪਤਾ ਨਹੀਂ ਭਵਿੱਖ ਵਿਚ ਸਾਨੂੰ ਕਿਹੜੀਆਂ-ਕਿਹੜੀਆਂ ਸਮੱਸਿਆਂਵਾਂ ਨਾਲ ਦੋ-ਚਾਰ ਹੋਣਾ ਪਵੇ। ਇਹ ਤਾਂ ਜਦੋਂ ਸਾਹਮਣੇ ਆਏਗਾ ਉਦੋਂ ਹੀ ਕਰਨਾ ਹੋਵੇਗਾ।

ਔਰਤ ਸੂਤਰਧਾਰ:ਸੁਣਿਆ ਤੁਸੀਂ, ਗਲੋਬਲ ਵਾਰਮਿੰਗ ਨਾਲ ਸਿਹਤ ਉਪਰ ਪੈਣ ਵਾਲੇ ਮਾੜੇ ਪ੍ਰਭਾਵਾਂ ਦੇ ਲਈ ਸਿਰਫ ਸਰਕਾਰਾਂ ਜਾਂ ਸਰਕਾਰੀ ਸੰਸਥਾਵਾਂ ਉਪਰ ਨਿਰਭਰ ਨਹੀਂ ਰਿਹਾ ਜਾ ਸਕਦਾ। ਸਾਨੂੰ ਵਿਅਕਤੀਗਤ ਪੱਧਰ ਉਪਰ ਵੀ ਯਤਨ ਕਰਨੇ ਪੈਣਗੇ, ਪਰ ਕਿਵੇਂ? ਆਓ ਜਾਣਦੇ ਹਾਂ ……

**……ਦ੍ਰਿਸ਼ ਬਦਲਾਅ ਸੰਗੀਤ……**

**……ਦ੍ਰਿਸ਼ ਪੰਜਵਾਂ……**

**(ਦ੍ਰਿਸ਼ ਬਦਲਾਅ ਸੰਗੀਤ ……………………….ਮੱਧਮ ਪੈਂਦਾ ਹੈ)**

(ਵਿਵੇਕ ਦਾ ਸਕੂਲ , ਨਟ ਤੇ ਨਟੀ ਇਕ ਨਾਟਕ ਕਰਨ ਵਾਸਤੇ ਮੰਚ ਤੇ ਹਾਜਰ ਹਨ ! ਪੰਡਾਲ ਵਿੱਚ ਦਰਸ਼ਕਾਂ ਦੀ ਭੀੜ ਹੈ !)

ਨਟੀ ਸੂਤਰਧਾਰ : ਮੈਂ ਹਾਂ ਨਟੀ ਸੂਤਰਧਾਰ ਤੇ ਇਹ ਹੈ ਮੇਰ ਨਟ ਸੂਤਰਧਾਰ (ਫੁਸਫੁਸ ਕਰਦੇ ਹੋਏ) ਕਿਥੇ ਰਹਿ ਗਿਆ? (ਤੇਜ਼ ਸੁਰ ਵਿਚ) ਓ ਨਟ ਸੂਤਰਧਾਰ, ਕਮਬਖਤ ਸਾਫ ਹਵਾ ਦੀ ਤਰ੍ਹਾਂ ਗਾਇਬ ਹੋ ਗਿਆ ਤੂੰ ਵੀ ?

ਨਟ ਸੂਤਰਧਾਰ (ਆਉਂਦੇ ਹੋਏ): **ਓ ਐਨਾ ਕਿਉਂ ਗਰਮ ਹੁੰਦੀ ਹੈਂ ਤੂੰ ਮਹਾਰਾਣੀ,**
**ਲੈ ਸ਼ੁਰੂ ਹੁੰਦਾ ਹੈ ਨਾਟਕ, ਤੇ ਇਹ ਆਉਂਦੀ ਹੈ ਰੁੱਤਾਂ ਦੀ ਰਾਣੀ**

(ਰੁੱਤਾਂ ਦੀ ਰਾਣੀ ਆਉਂਦੀ ਹੈ। ਇਸ ਦੇ ਲਈ ਜ਼ਰੂਰੀ ਧੁਨੀ ਪ੍ਰਭਾਵ ਦਿਓ ਜਿਵੇਂ ਕੋਇਲਾਂ ਦਾ ਕੂਕਣਾ, ਬਾਰਿਸ਼ ਦੀ ਅਵਾਜ਼, ਝਿੰਗੁਰਾਂ ਦਾ ਬੋਲਣਾ, ਚਿੜੀਆਂ ਦਾ ਚਹਿਚਹਾਉਣਾ ਆਦਿ)

ਨਟੀ ਸੂਤਰਧਾਰ: **ਆਓ ਰੁੱਤਾਂ ਦੀ ਰਾਣੀ, ਕਿਉਂ ਦਿਸਦੀ ਹੈ ਇਹ ਪਰੇਸ਼ਾਨੀ,**
**ਕੋਈ ਨਵੀਂ ਹੈ ਜੇ ਸਮੱਸਿਆ, ਦੱਸ ਦੇ ਸਾਰੀ ਕਹਾਣੀ,**
**ਖੋਲ੍ਹ ਦੇ ਮਨ ਦੀ ਉਲਝੀ ਤਾਣੀ, ਓ ਰੁੱਤਾਂ ਦੀ ਤੂੰ ਰਾਣੀ।**

ਰੁੱਤਾਂ ਦੀ ਰਾਣੀ: **ਲੈ ਸੁਣ ਲੈ ਤੂੰ ਨਟੀ ਮੋਟੀ, ਗਰਮੀ ਕਿੰਨੀ ਹੋ ਗਈ ਲੰਬੀ, ਸਰਦੀ ਕਿੰਨੀ ਛੋਟੀ,**
**ਬਾਰਿਸ਼ ਕਰਦੀ ਹੈ ਮਨਮਾਨੀ, ਨੀਅਤ ਕਿਸ ਦੀ ਹੋ ਗਈ ਖੋਟੀ।**

ਨਟ ਸੂਤਰਧਾਰ: ਕਿਉਂ, ਰੁੱਤਾਂ ਦੀ ਰਾਣੀ ਗਰਮੀ ਲੰਬੀ ਕਿਉਂ ?

ਨਟੀ ਸੂਤਰਧਾਰ: ਓ ਕਰਮਾ ਜਲਿਆਂ ਕਿਥੇ ਗਈ ਤੇਰੀ ਅਕਲ , ਛੋਲੇ ਦੇ ਕੇ ਪਾਸ ਹੋਇਆ ਐਂ ? ਜਾਣਦਾ ਨਹੀਂ ਗ੍ਰੀਨ ਹਾਊਸ ਪ੍ਰਭਾਵ ਵੀ ?

ਰੁੱਤਾਂ ਦੀ ਰਾਣੀ: ਹਾਂ ! ਨਟ ਮਹਾਰਾਜ , ਨਟੀ ਨੇ ਖੋਲ੍ਹ ਦਿੱਤਾ ਹੈ ਰਾਜ !

ਪਥਰਾਹਟੀ ਬਾਲਣ ਜਲਾ-ਜਲਾ ਕੇ, ਕਲ-ਕਾਰਖਾਨੇ ਵਧਾ-ਵਧਾ ਕੇ

ਕਿੰਨੀ ਕਾਰਬਨ ਡਾਇਆਕਸਾਈਡ ਤੇ ਸਲਫਰ ਡਾਇਆਕਸਾਈਡ,

ਕਿੰਨੇ ਹੀ ਸਾਰੇ ਕਾਰਬਨ ਦੇ ਕਣ, ਵਾਯੂਮੰਡਲ ਦੇ ਵਿਚ ਵਧਾ-ਵਧਾ ਕੇ।

ਧਰਤੀ ਦਾ ਤਾਪਮਾਨ ਹੈ ਵਧਾਇਆ ਤੁਸੀਂ, ਵਾਯੂਮੰਡਲ ਨੂੰ ਵੀ ਗਰਮਾਇਆ ਤੁਸੀਂ !

ਤਾਂ ਹੀ ਤਾਂ ਹੋ ਗਈ ਲੰਬੀ ਗਰਮੀ, ਤਾਂ ਹੀ ਤਾਂ ਹੋ ਗਈ ਅੰਤਾਂ ਦੀ ਗਰਮੀ !

ਨਟ ਸੂਤਰਧਾਰ: ਅੱਛਾ ! ਹਰਿਤ ਘਰ ਪ੍ਰਭਾਵ ! ਤਾਂ ਹੀ ਹੋ ਗਈ ਲੰਬੀ ਗਰਮੀ...... ਅੰਤਾਂ ਦੀ ਗਰਮੀ ?

ਰੁੱਤਾਂ ਦੀ ਰਾਣੀ: ਹਾਂ! ਪਤਾ ਹੈ ਕਿ

ਗਰਮੀ ਨਾਲ ਤਾਂ ਸਾਲ ਦਰ ਸਾਲ ਕਿੰਨੇ ਹੀ ਨੇ ਮਰਦੇ?

ਪਰ 'ਲੂ' ਤੇ ਦਸਤਾਂ ਨਾਲ, ਸਭ ਤੋਂ ਜ਼ਿਆਦਾ ਬੱਚੇ ਮਰਦੇ, ਬਜ਼ੁਰਗ ਨੇ ਮਰਦੇ

ਨਟੀ ਸੂਤਰਧਾਰ: ਹੁਣ ਕੀ ਹੋਵੇਗਾ?

ਰੁੱਤਾਂ ਦੀ ਰਾਣੀ: ਹੋਣਾ ਕੀ ਹੈ, ਪੱਲੇ ਤੇਰੇ ਰੋਣਾ ਧੋਣਾ ਹੈ , ਪਰਲੋ ਆਵੇਗੀ ! ਅੰਤ ਤੇਰਾ ਬਣ ਜਾਵੇਗੀ !

ਨਟ ਸੂਤਰਧਾਰ: ਤਬਾਹੀ ! ਤਬਾਹੀ ਹੀ ਤਬਾਹੀ ?

ਰੁੱਤਾਂ ਦੀ ਰਾਣੀ: ਹਾਂ

ਬਰਫ ਦੇ ਗਲੇਸ਼ੀਅਰ, ਪਿਘਲ ਰਹੇ ਨੇ,<br>ਤਲ ਸਮੁੰਦਰਾਂ ਦਾ ਵਧ ਕੇ, ਜੀਵਣ ਸਾਡਾ ਨਿਗਲ ਰਹੇ ਨੇ

ਨਟੀ ਸੂਤਰਧਾਰ: ਅੱਛਾ ! ਵਧ ਰਿਹਾ ਹੈ ਸਾਗਰ ਦਾ ਪੱਧਰ , ਖਤਮ ਕਰ ਰਿਹਾ ਹੈ ਮਛੇਰਿਆਂ ਦੀ ਸਧਰ !

(ਸਮੁੰਦਰ ਦੀਆਂ ਲਹਿਰਾਂ ਦੀ ਧੁਨੀ ਫਿਰ ਸਮੁੰਦਰ ਦਾ ਆਉਣਾ)

ਸਮੁੰਦਰ (ਨਟ ਸੂਤਰਧਾਰ): ਬਰਫ ਪਹਾੜਾਂ ਦੀ ਪਿਘਲ-ਪਿਘਲ ਕੇ, ਵਧਾ ਰਹੀ ਹੈ ਮੇਰਾ ਪਾਣੀ !

ਟਾਪੂਆਂ ਨੂੰ ਕਰਦਾ ਜਲ ਮਗਨ, ਜੀਵਣ ਨੂੰ ਲੀਲਦਾ ਹੈ ਮੇਰਾ ਪਾਣੀ !

ਤਟਵਰਤੀ ਪਿੰਡਾਂ ਤੇ ਸ਼ਹਿਰਾਂ ਵਿੱਚ, ਉਪਜਾਊ ਖੇਤਾਂ ਤੇ ਠਹਿਰਾਂ ਵਿੱਚ !

ਦਲਦਲ ਜਦ ਬਣਾਏਗਾ, ਪੇ ਜਲ ਵਿੱਚ ਖਾਰਾ ਪਾਣੀ ਮਿਲ ਜਾਏਗਾ

ਲੱਖਾਂ ਰੈਣ-ਬਸੇਰਿਆਂ ਨੂੰ ਬਲੀ ਚੜ੍ਹਾਏਗਾ ਜਨ ਜਨ ਨੂੰ ਦੂਰ ਭਜਾਏਗਾ,

ਅਲ-ਨੀਨੋ ਦਾ ਪ੍ਰਕੋਪ ਵੀ ਮਹਾਂ ਮੁਸੀਬਤ ਤਦ ਬਣ ਕੇ ਆ ਜਾਏਗਾ !

ਨਟੀ ਸੂਤਰਧਾਰ: ਦਲਦਲ?

ਸਮੁੰਦਰ (ਨਟ ਸੂਤਰਧਾਰ): ਦਲਦਲ ਦੇ ਵਿਚ ਪਲਣਗੇ, ਮੱਖੀ-ਮੱਛਰ, ਕੀਟ-ਪਤੰਗੇ,
ਭਾਂਤ-ਭਾਂਤ ਦੇ ਰੋਗ ਉਥੇ, ਗੱਡਣਗੇ ਆਪਣੇ ਝੰਡੇ !
ਕਿਉਂ ਰੁੱਤਾਂ ਦੀ ਰਾਣੀ ? ਸੁਣਾਦੇ ਹੁਣ ਤੂੰ ਆਪਣੀ ਵੀ ਕਹਾਣੀ !

ਰੁੱਤਾਂ ਦੀ ਰਾਣੀ: ਜਿਉਂ-ਜਿਉਂ ਗਰਮੀ ਵਧਦੀ ਜਾਂਦੀ, ਸਰਦੀ ਦੇ ਦਿਨ ਘਟਦੇ,
ਬਾਰਿਸ਼ ਕਰਦੀ ਹੈ ਮਨਮਾਨੀ, ਜਿੰਨਾ ਚਾਹੁੰਦੀ, ਜਿੱਥੇ ਚਾਹੁੰਦੀ, ਉਥੇ ਪਾਣੀ ਬਰਸੇ
ਕਿਤੇ ਸੋਕਾ, ਹੜ੍ਹ ਕਿਤੇ, ਕਿਤੇ ਪਾਣੀ ਹੀ ਪਾਣੀ, ਕਿਤੇ ਬੂੰਦ-ਬੂੰਦ ਨੂੰ ਲੁਕਾਈ ਤਰਸੇ

(ਤੇਜ਼ ਹਵਾ ਚੱਲਣ ਦਾ ਸੁਰ ਜੋ ਅੰਤ ਤੱਕ ਮੱਧਮ ਹੋ ਜਾਂਦਾ ਹੈ)

ਨਟ ਸੂਤਰਧਾਰ: ਓ ਹਵਾ ਤੂੰ?

ਹਵਾ (ਨਟੀ ਸੂਤਰਧਾਰ) : ਹਾਂ-ਹਾਂ ! ਮੈਂ ਹਾਂ ਪੌਣ !

ਪ੍ਰਾਣ ਵਾਯੂ ਮੈਨੂੰ ਕਹਿੰਦੇ ਹੋ , ਮੇਰੇ ਤੋਂ ਹੀ ਜੀਵਨ ਲੈਂਦੇ ਹੋ !
ਭਰ ਰਹੇ ਹੋ ਹੁਣ ਜ਼ਹਿਰ ਮੇਰੇ ਵਿਚ, ਕਾਰਬਨ ਡਾਇਆਕਸਾਈਡ ਹੈ ਭਰਦੀ ਜਾਂਦੀ,
ਸਲਫਰ ਡਾਇਆਕਸਾਈਡ ਤੇ ਕਾਰਬਨ ਕਣਾਂ ਨਾਲ , ਹਾਂ ਹੁਣ ਮੈਂ ਮਰਦੀ ਜਾਂਦੀ
ਵਧਦੀ ਹੋਈ ਗਲੋਬਲ ਵਾਰਮਿੰਗ ਹੁਣ ਗਰਮ ਹੈ ਮੈਨੂੰ ਕਰਦੀ ਜਾਂਦੀ !

ਨਟ ਸੂਤਰਧਾਰ: ਫਿਰ,

ਹਵਾ (ਨਟੀ ਸੂਤਰਧਾਰ) : ਜਦੋਂ ਹੁੰਦੀ ਹਾਂ ਨਮ ਮੈਂ, ਤਾਂ ਪਲਦੇ ਨੇ, ਮੱਖੀ-ਮੱਛਰ, ਕੀਟ-ਪਤੰਗੇ,
ਮਲੇਰੀਆ, ਡੇਂਗੂ, ਟਾਈਫਾਈਡ, ਹੈਜ਼ਾ ਵਰਗੇ ਰੋਗਾਂ ਦੇ ਪੈਂਦੇ ਨੇ ਪੰਗੇ
ਫਿਰ ਕਿਵੇਂ ਹੋਈ ਮੈਂ ਪ੍ਰਾਣ ਵਾਯੂ, ਕਿਵੇਂ ਦੇਵਾਂ ਮੈਂ ਜੀਵਨ ਚੰਗੇ,
ਵਰਤਾਰੇ ਐਸੇ ਕਰ ਦਿੰਦੇ ਨੇ ਮੈਨੂੰ ਸ਼ਰਮਿੰਦੇ ! ਹਾਂ ਕਰ ਦਿੰਦੇ ਨੇ ਮੈਨੂੰ ਸ਼ਰਮਿੰਦੇ !

(ਮੱਛਰ ਦੇ ਭਿਣਭਣਾਹਟ ਦੀ ਅਵਾਜ਼ ਜੋ ਪਹਿਲਾਂ ਤੇਜ਼ ਹੁੰਦੀ ਹੈ ਪਰ ਬਾਅਦ ਵਿਚ ਮੱਧਮ ਹੋ ਜਾਂਦੀ ਹੈ)

ਮੱਛਰ ਨਟ ਸੂਤਰਧਾਰ: ਗਰਮੀ ਹੋਏਗੀ, ਦਲਦਲ ਹੋਏਗੀ, ਤੇ ਹਵਾ ਵਿਚ ਹੋਏਗੀ ਨਮੀ,
ਹੋਰ ਜਿਉਣ ਲਈ ਕੀ ਹੈ ਚਾਹੀਦਾ, ਕੀ ਰਹਿ ਜਾਂਦੀ ਹੈ ਕਮੀ !

ਨਟੀ ਸੂਤਰਧਾਰ: ਓ ਕੌਣ ਹੈਂ ਤੂੰ? ਇਥੇ ਕਿਵੇਂ ਚਲਿਆ ਆ ਰਿਹਾ ਹੈਂ ? ਦਿਸਦਾ ਨਹੀਂ ? ਨਾਟਕ ਚਲ ਰਿਹਾ ਹੈ !

ਮੱਛਰ ਨਟ ਸੂਤਰਧਾਰ: ਲਓ ਜੀ, ਸਾਨੂੰ ਹੀ ਨਹੀਂ ਪਹਿਚਾਣਦੇ...... ਚਲ ਰਿਹਾ ਹੈ ਜਿਸਦੀ ਵਜ੍ਹਾ ਨਾਲ ਹੀ ਤਾਂ ਦੁਨੀਆ ਦਾ ਸਭ ਤੋਂ ਵੱਡਾ ਨਾਟਕ !

ਨਟੀ ਸੂਤਰਧਾਰ: (ਬੋਰ ਹੁੰਦਾ ਹੋਇਆ ਸੁਰ) ਕਿਹੜਾ?

ਮੱਛਰ ਨਟ ਸੂਤਰਧਾਰ: ਮਲੇਰੀਆ, ਡੇਂਗੂ, ਚਿਕੁਨਗੁਨੀਆ...... ਇਹ ਨੇ ਮੇਰੇ ਬੱਚੇ (ਜ਼ੋਰ ਦੇ ਕੇ) ਹਾਂ ! ਮੇਰੇ ਬੱਚੇ !

ਵੱਡਾ ਬੇਟਾ ਮਲੇਰੀਆ ਮੇਰਾ, ਅੱਧੀ ਅਬਾਦੀ ਉਪਰ ਹੈ ਰਾਜ
ਡੇਂਗੂ ਮੇਰਾ ਛੋਟਾ ਬੇਟਾ, ਹੌਲੀ-ਹੌਲੀ, ਹੋ ਰਿਹਾ ਇਸਦਾ ਆਗਾਜ਼ !
ਨੰਨੀ ਜਿਹੀ ਬੇਟੀ, ਚਿਕੁਨਗੁਨੀਆ ਵੀ, ਕਰਦੀ ਹੈ ਹੁਣ ਨਾਜ਼ !

ਨਟੀ ਸੂਤਰਧਾਰ: ਤਾਂ ਮੱਛਰ ਹੋ ਤੁਸੀਂ?

ਮੱਛਰ ਨਟ ਸੂਤਰਧਾਰ: ਹਾਂ-ਹਾਂ-ਹਾਂ ਠੀਕ ਪਹਿਚਾਣਿਆ।

ਤੁਸੀਂ ਮੈਨੂੰ ਜਿੰਨਾ ਮਿਟਾਇਆ, ਮੈਂ ਉਹਨਾਂ ਹੀ ਵਧਦਾ ਆਇਆ !
ਪਹਿਲਾਂ ਰਾਤਾਂ ਠੰਡੀਆਂ ਹੁੰਦੀਆਂ, ਜੋ ਮੇਰੇ ‘ਤੇ ਹੁੰਦੀਆਂ ਭਾਰੂ !
ਪਰ ਹੁਣ ਤਾਂ, ਗਲੋਬਲ ਵਾਰਮਿੰਗ ਬਣ ਗਈ ਹੈ ਮੇਰੀ ਤਾਰੂ !

(ਮੰਚ ਉਪਰ ਇਕ ਸੁਰ ਵਿਚ ਗਾਉਂਦੇ ਦੋ ਲੜਕੇ ਅਤੇ ਇਕ ਲੜਕੀ, ਆਉਂਦੇ ਹਨ)

ਇਕ ਸੁਰ ਵਿਚ: ਵਿਸ਼ਵ ਵਿਜੈ ਕਰ ਕੇ ਦਿਖਾਈਏ, ਦੁਨੀਆਂ ਵਿਚ ਪਰਚਮ ਲਹਿਰਾਈਏ
ਫਿਰ ਹੋਵੇ ਪੂਰਨ ਪ੍ਰਣ ਤੁਮਾਰਾ, ਝੰਡਾ ਉੱਚਾ ਰਹੇ ਹਮਾਰਾ !
ਗਲੋਬਲ ਵਾਰਮਿੰਗ ਤੇਰਾ ਸਹਾਰਾ, ਇਨਸਾਨਾ ਨੂੰ ਹੈ ਤੂੰਹੀ ਮਾਰਾ,
ਮੰਡਾ ਚਲਤਾ ਰਹੇ ਹਮਾਰਾ! ਝੰਡਾ ਉੱਚਾ ਰਹੇ ਹਮਾਰਾ !

ਨਟੀ ਸੂਤਰਧਾਰ: ਅਰੇ... ਰੇ... ਰੇ... ਰੇ... ਕੌਣ ਹੋ ਤੁਸੀਂ ਲੋਕ? ਸਮੁੰਦਰ ਦੇ ਵਧਦੇ ਪਾਣੀ ਦੀ ਤਰ੍ਹਾਂ ਸ਼ਰੀਫਾਂ ਦੀ ਬਸਤੀ ਵਿਚ ਕਿਵੇਂ ਚਲੇ ਆ ਰਹੇ ਹੋ, ਮੰਚ ‘ਤੇ ਨਾਟਕ ਚਲ ਰਿਹਾ ਹੈ, ਨਾਟਕ !

ਮੱਛਰ ਨਟ ਸੂਤਰਧਾਰ: ਚਲ ਹਟ ! ਇਹ ਹਨ ਮੇਰੀਆਂ ਸੰਤਾਨਾਂ, ਇਸ ਮੱਛਰ ਦੀਆਂ ਪਿਆਰੀਆਂ-ਪਿਆਰੀਆਂ ਜਾਨਾਂ ! ਹਾਂ ਤਾਂ ਬੱਚਿਓ ਤੁਸੀਂ ਹੀ ਦੱਸ ਦਿਓ ! ਕੌਣ ਹੋ ਤੁਸੀਂ?

ਮਲੇਰੀਆ: (ਉਚੀ ਉਚੀ ਹਸਦੇ ਹੋਏ) ਹਾ, ਹਾ, ਹਾ, ਮੈਂ ਹਾਂ ਮਲੇਰੀਆ !

ਹਿੰਦੁਸਤਾਨ, ਬੰਗਲਾਦੇਸ਼, ਇਰਾਨ, ਅਮਰੀਕਾ,
ਇੰਗਲੈਂਡ ਹੋਵੇ ਜਾਂ ਫਿਰ ਸ਼੍ਰੀਲੰਕਾ, ਹਰ ਪਾਸੇ ਵੱਜਦਾ ਹੈ ਅਪਣਾ ਡੰਕਾ।

ਨਟੀ ਸੂਤਰਧਾਰ: ਕਿਉਂ, ਕਿਉਂ, ਕਿਉਂ?

ਮਲੇਰੀਆ: ਵੱਧਦੀ ਜਾਂਦੀ ਹੈ ਗਰਮੀ, ਹਵਾ ‘ਚ ਨਮੀ, ਸਮਝੋ ਚਾਂਦੀ ਹੋ ਗਈ ਅਪਣੀ।

ਤੁਹਾਡੇ ਹੀ ਵਿਗਿਆਨੀ ਕਹਿੰਦੇ ਹਨ ਕਿ ਆਉਂਦੇ ਕੁੱਝ ਕੁ ਸਾਲਾਂ ਦੌਰਾਨ ਹੀ ਦੋ ਤਿਹਾਈ ਦੁਨੀਆ ਵਿਚ ਮੇਰਾ ਰਾਜ ਫੈਲ ਜਾਵੇਗਾ, ਹਾ-ਹਾ-ਹਾ

(ਉਚੀ ਹਸਦਾ ਹੈ)

ਡੇਂਗੂ: ਅਤੇ ਮੈਂ...... ਮੈਂ ਡੇਂਗੂ ਹਾਂ...... 1996 ਵਿਚ ਪਹਿਲੀ ਵਾਰ ਹੈਰਾਨ ਕੀਤਾ ਮੈਂ, ਫਿਰ ਤਾਂ ਦਿੱਲੀ ਦੂਰ ਨਹੀਂ ਸੀ। ਪਹਿਲਾਂ ਮੈਂ ਗਰਮ ਜਲਵਾਯੂ ਵਾਲੀਆਂ ਥਾਂਵਾਂ ਉੱਤੇ ਹੀ ਪਾਇਆ ਜਾਂਦਾ ਸੀ ਪਰ ਹੁਣ ਗਲੋਬਲ ਵਾਰਮਿੰਗ ਬਣਾ ਰਹੀ ਹੈ ਹਰ ਜਗ੍ਹਾ ਨੂੰ ਮੇਰੇ ਲਾਇਕ !

ਚਿਕੁਨਗੁਨੀਆ: (ਇਸ ਦੇ ਲਈ ਲੜਕੀ ਦਾ ਸੁਰ ਹੀ ਪ੍ਰਯੋਗ ਕਰੋ) ਮੈਂ ਚਿਕੁਨਗੁਨੀਆ...

ਮੇਰਾ ਮਾਰਿਆ ਬੁਖਾਰ ਨਾਲ ਤਪਦਾ, ਦਰਦ ਕਰਦਾ ਹਾਲੋਂ ਬੇਹਾਲ
ਮੇਰਾ ਰਾਜ ਵਧਦਾ ਜਾਂਦਾ ਗਲੋਬਲ ਵਾਰਮਿੰਗ ਦੇ ਨਾਲ !

ਇਕ ਸੁਰ: ਨਹੀਂ ਰੁਕੇ ਅਭਿਆਨ ਸਾਡਾ, ਝੰਡਾ ਉੱਚਾ ਰਹੇ ਸਾਡਾ।

(ਝੰਡਾ ਉੱਚਾ ਰਹੇ ਹਮਾਰਾ ਕਹਿੰਦੇ ਕਹਿੰਦੇ ਇਹ ਸੁਰ ਖਤਮ ਹੋ ਜਾਂਦੇ ਹਨ)

ਨਟ ਸੂਤਰਧਾਰ: ਭਿਆਨਕ, ਬਹੁਤ ਭਿਆਨਕ।

ਨਟੀ ਸੂਤਰਧਾਰ: (ਡਰਦੇ ਹੋਏ) ਏ..ਏ..ਏ..ਏ, ਤੁਸੀਂ ਕੌਣ ਹੋ?

ਇਕ ਸੁਰ ਵਿਚ: (ਦੋ ਲੜਕੇ ਅਤੇ ਦੋ ਲੜਕੀਆਂ ਦੇ ਸੁਰ)

ਅਸੀਂ ਨਹੀਂ ਹਾਂ ਪੁਰਾਣੇ ਰੋਗ, ਅਸੀਂ ਤਾਂ ਹਾਂ ਕੁਝ ਅਣਜਾਣੇ ਰੋਗ !
ਗਲੋਬਲ ਵਾਰਮਿੰਗ ਵਧਦੀ ਜਾਵੇ , ਨਵੇਂ ਨਵੇਂ ਰੋਗਾਂ ਦਾ ਆਗਾਜ਼ ਕਰਦੀ ਜਾਵੇ
ਨੱਚਾਂਗੇ, ਗਾਵਾਂਗੇ, ਮਿਲਕੇ ਖੁਸ਼ੀ ਮਨਾਵਾਂਗੇ।

(ਇਕਤਾਰਾ ਵਜਾਉਂਦੇ ਇਕ ਸਾਧੂ ਦਾ ਪ੍ਰਵੇਸ਼)

ਨਟ ਸੂਤਰਧਾਰ (ਸਾਧੂ) : ਦੁਨੀਆ ਵਿਚ ਜਦ ਆਇਆ ਸੀ, ਮਿਲਿਆ ਪਾਲਣਾ ਲੱਕੜੀ ਦਾ !
ਦੁਨੀਆ ਤੋਂ ਜਦ ਜਾਏਂਗਾ, ਹੋਵੇਗਾ ਬਿਛਾਉਣਾ ਲੱਕੜੀ ਦਾ !
ਦੇਖ ਤਮਾਸ਼ਾ ਲੱਕੜੀ ਦਾ, ਬਈ ਦੇਖ ਤਮਾਸ਼ਾ ਲੱਕੜੀ ਦਾ !

ਨਟੀ ਸੂਤਰਧਾਰ: (ਦੁਤਕਾਰ ਕੇ) ਏ...ਏ... ਲਕੜੀ... ਮੇਰਾ ਮਤਲਬ ਲਕੜੀ ਵਾਲੇ ਸਾਧੂ ਜੀ ਮਹਾਰਾਜ, ਇਹ ਨਾਟਕ ਹੈ, ਇਥੇ ਨਹੀਂ ਮਿਲੇਗੀ ਭੀਖ।

ਸਾਧੂ: ਕੌਣ ਮੰਗ ਰਿਹਾ ਹੈ ਭੀਖ, ਮੈਂ ਤਾਂ ਦੇਣ ਆਇਆ ਹਾਂ ਸੀਖ !

ਨਟ ਸੂਤਰਧਾਰ: ਪਰ ਤੁਸੀਂ ਹੋ ਕੌਣ ?

ਸਾਧੂ: ਮੈਂ ਹਾਂ ਜੰਗਲ ! ਹਮੇਸ਼ਾ ਇਸ ਇਨਸਾਨ ਨੂੰ ਦਿੰਦਾ ਹੀ ਆਇਆ ਹਾਂ...... ਵਰਤਨ ਨੂੰ ਲਕੜੀ, ਖਾਣ ਨੂੰ ਭੋਜਨ, ਪਸ਼ੂਆਂ ਈ ਚਾਰਾ ਤੇ ਜਿਊਣ ਲਈ ਆਕਸੀਜਨ !

ਨਟੀ ਸੂਤਰਧਾਰ: ਬਿਲਕੁਲ

ਸਾਧੂ: ਜਲਾ-ਜਲਾ ਕੇ ਈਂਧਨ, ਹਰਿਤ ਘਰ ਗੈਸਾਂ, ਇਹ ਵਾਯੂਮੰਡਲ ਵਿਚ ਭਰਦਾ ਸੀ, ਜਰਾ ਨਹੀਂ ਡਰਦਾ ਸੀ

ਅਸੀਂ ਹੀ ਤਾਂ ਉਨ੍ਹਾਂ ਨੂੰ ਨਿਪਟਾਉਂਦੇ ਸੀ, ਗਲੋਬਲ ਵਾਰਮਿੰਗ ਤੋਂ ਇਸਨੂੰ ਬਚਾਉਂਦੇ ਸੀ।

ਨਟੀ ਸੂਤਰਧਾਰ: ਠੀਕ ਕਿਹਾ ਜੰਗਲ ਮਹਾਰਾਜ !

ਜੰਗਲ: ਪਰ ਮਨੁੱਖ ਨੂੰ ਤਾਂ ਸੱਭਿਅਤਾ ਨੇ ਖਾ ਲਿਆ, ਇਸਦੇ ਲਾਲਚ ਨੇ ਖਾ ਲਿਆ।

ਮੈਂ ਇਸ ਨੂੰ ਦਿੱਤੇ ਸਹਾਰੇ, ਅਤੇ ਇਸ ਨੇ ਚਲਵਾਏ ਮੇਰੇ ਉਪਰ ਹੀ ਆਰੇ,

ਖੁਦ ਨਹੀਂ ਇਸ ਨੂੰ ਸਬਰ, ਖੋਦ ਰਿਹਾ ਹੈ ਅਪਣੀ ਕਬਰ।

ਨਟ ਸੂਤਰਧਾਰ: ਕਬਰ? ਸਚਮੁੱਚ ਕਬਰ (ਗਹਿਰਾ ਸਾਹ ਲੈ ਕੇ)

ਹੇ ਭਗਵਾਨ, ਏ ਮੂਰਖ ਇਨਸਾਨ।

ਨਟੀ ਸੂਤਰਧਾਰ: ਹੁਣ ਹੈ ਕੋਈ ਹੋਰ ਆਉਣ ਲਈ?

(ਧਰਤੀ ਆਉਂਦੀ ਹੈ, ਗੂੰਜਦੀ ਹੋਈ ਅਵਾਜ਼)

ਧਰਤੀ: ਹਾਂ ਧਰਤੀ

ਹੁਣ ਤਾਂ ਗਰਮੀ ਸਹੀ ਨਾ ਜਾਂਦੀ,

ਵਿਗੜਦੇ ਸੰਤੁਲਨ ਤੇ ਵਧਦੇ ਤਾਪਮਾਨ ਕਾਰਨ ਮੈਂ ਤਾਂ ਹਾਂ ਮਰਦੀ ਜਾਂਦੀ !

ਨਟੀ ਸੂਤਰਧਾਰ: ਉਹ ਕਿਵੇਂ?

ਧਰਤੀ: ਸਮੁੰਦਰ ਉਪਰ ਚੜ੍ਹਦਾ ਆਵੇ, ਪਾਣੀ ਖਾਰਾ ਹੁੰਦਾ ਜਾਵੇ,

ਮੇਰੀ ਕੁੱਖ ਸੁੱਕਦੀ ਜਾਵੇ, ਪੈਦਾਵਾਰ ਘਟਦੀ ਜਾਵੇ,

ਪੇਟ ਕਿਵੇਂ ਸਭ ਦਾ ਭਰ ਪਾਵਾਂਗੀ, ਫਿਰ ਕਿਵੇਂ ਮਾਂ ਮੈਂ ਕਹਿਲਾਵਾਂਗੀ?

ਨਟ ਸੂਤਰਧਾਰ: ਮੈਂ ਚੱਲਿਆ, ਨਹੀਂ ਸੁਣ ਸਕਦਾ, ਫਟਦਾ ਜਾਂਦਾ ਹੈ ਮੇਰਾ ਸਿਰ !

ਨਟੀ ਸੂਤਰਧਾਰ: ਅਰੇ ਰੁਕ ਤਾਂ... ਨਾਟਕ ਖਤਮ ਹੀ ਹੈ ਹੁਣ... ਰੁਕ ਜ਼ਰਾ, ਚੱਲਾਂਗੀ ਮੈਂ ਵੀ ਨਾਲ ਤੇਰੇ !

(ਹਫਦੇ-ਘਬਰਾਉਂਦੇ ਇਕ ਪਾਤਰ ਆਉਂਦਾ, ਇਹ ਇਨਸਾਨ ਹੈ)

ਇਨਸਾਨ: ਨਹੀਂ-ਨਹੀਂ, ਨਾਟਕ ਖਤਮ ਨਹੀਂ... ਨਹੀਂ ਤਾਂ ਅਸੀਂ ਸਭ ਖਤਮ ਹੋ ਜਾਵਾਂਗੇ।

ਨਟੀ ਸੂਤਰਧਾਰ: ਹੁਣ ਤੂੰ ਕੌਣ ਹੈ, ਐਨਾ ਘਬਰਾਇਆ... ਫੱਕ ਸਫੈਦ ਚਿਹਰਾ... ਹੱਡ ਨਿੱਕਲਿਆ ਸਰੀਰ... ਤੇਰਾ ਤਾਂ ਸਾਹ ਵੀ ਫੁੱਲ ਰਿਹਾ ਹੈ... ਅੱਖਾਂ ਦੇ ਹੇਠਾਂ ਕਾਲੇ ਘੇਰੇ... ਲੱਗਦਾ ਹੈ ਕਾਫੀ ਸਮੇਂ ਤੋਂ ਬਿਮਾਰ ਹੈਂ !

ਇਨਸਾਨ: ਮੈਂ ਹਾਂ ਮਨੁੱਖ , ਪ੍ਰਮੁੱਖ ਪਾਤਰ ! ਇਸ ਨਾਟਕ ਦਾ ...

ਸਾਹ ਸਾਡਾ ਫੁੱਲ ਰਿਹਾ ਹੈ, ਬਲੱਡ ਪ੍ਰੈਸ਼ਰ ਦਾ ਦੈਂਤ ਝੂਲ ਰਿਹਾ ਹੈ,
ਮੌਸਮ ਪਿਛੇ ਪਿਆ ਰੁੱਲ ਰਿਹਾ ਹੈ।

ਨਟੀ ਸੂਤਰਧਾਰ: ਅੱਛਾ!

ਇਨਸਾਨ: ਸਮੱਸਿਆਵਾਂ ਹੀ ਸਮੱਸਿਆਵਾਂ...... ਰੋਗਾਂ ਦੀਆਂ ਬਲਾਵਾਂ......

ਘੇਰਿਆ ਹੈ ਮੈਨੂੰ ਲੱਖਾਂ ਚਿੰਤਾਵਾਂ, ਜਿਉਂਦਾ ਹਾਂ ਐਨੇ ਵਿੱਚ ਤਨਾਵਾਂ,
ਲੱਗਦਾ ਪਾਗਲ ਹੋ ਜਾਊਂਗਾ, ਐਨੇ ਰੋਗਾਂ ਦਾ ਸ਼ਿਕਾਰ ਹਾਂ, ਕਦ ਤੱਕ ਜੀ ਪਾਊਂਗਾ?

(ਇਕ ਭਾਰੀ ਅਵਾਜ਼ ਵਾਲਾ ਵਿਅਕਤੀ ਆਉਂਦਾ ਹੈ, ਇਹ ਵਾਤਾਵਰਨ ਵਿਗਿਆਨੀ ਹੈ)

ਵਾਤਾਵਰਨ ਵਿਗਿਆਨੀ: ਸੁਣ ਭਾਈ ਸੁਣ, ਗੱਲ ਸਾਡੀ ਧਿਆਨ ਨਾਲ ਸੁਣ

ਇਨਸਾਨ: ਤੁਸੀਂ ! ਕੌਣ ਹੋ ਤੁਸੀਂ?

ਵਾਤਾਵਰਨ ਵਿਗਿਆਨੀ: ਮੈਂ... ਮੈਂ ਵਾਤਾਵਰਨ ਵਿਗਿਆਨੀ ਹਾਂ ! ਸੁਣ ! ਸੁਣ ! ਹੁਣ ਤਾਂ ਸੁਣ !

ਤੂੰ ਖੁਦ ਜੜ੍ਹ ਹੈਂ ਇਸ ਵਿਨਾਸ਼ ਦੀ, ਵਾਤਾਵਰਨ ਦੇ ਸੱਤਿਆਨਾਸ਼ ਦੀ !
ਪਰ ਕਿਉਂ ਹੁੰਦਾ ਹੈਂ ਐਨਾ ਨਿਰਾਸ਼, ਬਦਲਣਗੇ ਇਹ ਹਾਲਾਤ !
ਬੱਸ ਕਰਨੀ ਹੋਵੇਗੀ ਥੋੜ੍ਹੀ ਜਿਹੀ ਕੋਸ਼ਿਸ਼! ਕਰਨੀ ਹੋਵੇਗੀ, ਥੋੜ੍ਹੀ ਜਿਹੀ ਕੋਸ਼ਿਸ਼!

ਇਨਸਾਨ: ਬੋਲੋ-ਬੋਲੋ ਕੀ ਕਰਨਾ ਹੈ, ਅੱਜ ਕੁਝ ਨਹੀਂ ਕੀਤਾ ਜੇ ਤਾਂ ਨਿਸ਼ਚਿਤ,
ਕੱਲ੍ਹ ਨੂੰ ਮੈਂ ਹੀ ਮਰਨਾ ਹੈ, ਕੱਲ੍ਹ ਨੂੰ ਮੈਂ ਹੀ ਮਰਨਾ ਹੈ !

**ਵਾਤਾਵਰਨ ਵਿਗਿਆਨੀ:** ਵਾਤਾਵਰਨ ਪ੍ਰਦੂਸ਼ਣ ਰੋਕ, ਗ੍ਰੀਨ ਹਾਊਸ ਗੈਸਾਂ ਨੂੰ ਰੋਕ!

**ਇਨਸਾਨ:** ਪਰ ਕਿਵੇਂ?

**ਵਾਤਾਵਰਨ ਵਿਗਿਆਨੀ:** ਬੇਸ਼ੱਕ ਹਕੀਕੀ ਲੋੜ ਤਾਂ ਹੈ ਵਿਕਾਸ ਮਾਡਲ ਨੂੰ ਮੋੜਾ ਦੇ ਕੇ ਘੱਟ ਖਪਤ ਵਾਲੀ ਕੁਦਰਤ ਨਾਲ ਇਕਸੁਰਤਾ ਵਾਲੀ ਜੀਵਣ ਸ਼ੈਲੀ ਨੂੰ ਸਿਰਜਣਾ! ਪਰ ਰਵਾਇਤੀ ਬਾਲਣ ਜਿਵੇਂ ਲਕੜੀ, ਕੋਲਾ, ਛਟੀਆਂ-ਪਾਥੀਆਂ ਦੀ ਬਜਾਏ ਬਿਹਤਰ ਹਨ ਸੂਰਜੀ ਊਰਜਾ, ਪਣ ਊਰਜਾ ਵਰਤੋਂ ਦੇ ਤਰੀਕੇ ਖੋਜਣੇ, ਪੈਟਰੋਲ ਜਾਂ ਡੀਜ਼ਲ ਵਾਲੇ ਵਾਹਨਾਂ ਨੂੰ ਘਟਾਉਣਾ , ਕਾਰਾਂ ਦੀ ਵਰਤੋਂ ਘਟਾਉਣਾ ਆਵਾਜਾਈ ਦੇ ਜਨਤਕ ਸਾਧਨਾਂ ਨੂੰ ਚੰਗਾ ਬਣਾਉਣਾ, ਬੱਲਬ ਦੀ ਜਗ੍ਹਾ ਸੀ.ਐੱਫ.ਐੱਲ. ਲਾਉਣਾ ! ਘਟੇਗੀ ਈਂਧਣ ਦੀ ਖਪਤ, ਘਟੇਗਾ ਪ੍ਰਦੂਸ਼ਣ ਤੇ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ! ਹਾਂ ਜੀ ਘਟੇਗੀ ਗਲੋਬਲ ਵਾਰਮਿੰਗ !

**ਇਨਸਾਨ:** ਬਾਲਣਾ ਵਿੱਚ ਮੋੜਾ ਤਾਂ ਕੱਟਿਆ ਹੀ ਜਾ ਸਕਦਾ ਹੈ !

**ਵਾਤਾਵਰਨ ਵਿਗਿਆਨੀ:** ਪਾਣੀ ਬਚਾਈਏ, ਰੁੱਖ ਲਗਾਈਏ, ਰੱਖੀਏ ਪਾਣੀ ਸਾਫ, ਰੋਗ ਭਜਾਈਏ !

**ਇਨਸਾਨ:** ਹੂੰ,

**ਕਰਨਾ ਹੋਵੇਗਾ ਸਾਨੂੰ ਅਜਿਹਾ, ਨਹੀਂ ਇਕ ਦਿਨ ਪਛਤਾਵਾਂਗੇ**

**ਸਾਰੇ ਮਰ ਜਾਵਾਂਗੇ, ਸਾਰੇ ਮਰ ਜਾਵਾਂਗੇ।**

**ਨਟੀ ਸੂਤਰਧਾਰ:** ਓ ਪ੍ਰਭਾ ! ਨਾਟਕ ਖਤਮ ਹੋ ਗਿਆ, ਪਰਦਾ ਗਿਰਾ ਨਾ ! ਦਰਸ਼ਕਾਂ ਨੂੰ ਬੋਲ ਸਲਾਮ, ਨਮਸਤੇ, ਸਤਿ ਸ੍ਰੀ ਅਕਾਲ !

(ਭੀੜ ਦਾ ਕੋਲਾਹਲ ਜੋ ਹੌਲੀ-ਹੌਲੀ ਮੱਧਮ ਹੋ ਜਾਂਦਾ ਹੈ)

ਪ੍ਰਸ਼ਨ:

ਪ੍ਰਸ਼ਨ -1 ਐਂਥਰੈਕਸ ਦੇ ਮੁੜ ਉਭਰਨ ਦਾ ਕੀ ਸਬੰਧ ਹੈ ਤਾਪਮਾਨ ਦੇ ਵਧਣ ਨਾਲ ?

ਉਤਰ: ਵਧਦੇ ਤਾਪਮਾਨ ਕਾਰਨ ਬਰਫ ਪਿਘਲੀ, ਰੇਂਡੀਅਰ ਦਾ ਕਰੰਗ ਬਾਹਰ ਆ ਗਿਆ ਉਸਦੇ ਅੰਦਰ ਪਏ ਸੁਤੇ ਜਰਮ ਮੁੜ ਸਰਗਰਮ ਹੋ ਕੇ ਫੈਲਾਉਣ ਲੱਗੇ ਐਂਥਰੈਕਸ !

ਪ੍ਰਸ਼ਨ-2 ਵਧਦੀ ਗਰਮੀ ਤੇ ਜਲਵਾਯੂ ਬਦਲਾਅ ਵਾਸਤੇ ਕਿਹੜੀਆਂ ਤਿਆਰੀਆਂ ਦੀ ਲੋੜ ਹੈ ?

ਉਤਰ:ਮੁਸੀਬਤਾਂ ਨੂੰ ਸਮਝ ਕੇ ਉਨ੍ਹਾਂ ਦੇ ਰੋਕ ਥਾਮ ਦੇ ਨਾਲ ਨਾਲ ਨਵੀਂ ਖੋਜ ਤਕਨਾਲੋਜੀ ਅਤੇ ਸਿਖਲਾਈ ਦੀ ਲੋੜ ਹੈ !